Australian Government | eSafetyCommissioner

# ਸੋਸ਼ਲ ਮੀਡੀਆ ਦੀ ਵਰਤੋਂ 'ਤੇ 'ਪਾਬੰਦੀ' ਜਾਂ 'ਦੇਰੀ' ਨਾਲ ਸੰਬੰਧਿਤ ਅਕਸਰ ਪੁੱਛੇ ਜਾਣ ਵਾਲੇ ਸਵਾਲ[1]

## ਆਸਟ੍ਰੇਲੀਆ ਵਿੱਚ 16 ਸਾਲ ਤੋਂ ਘੱਟ ਉਮਰ ਦੇ ਯੁਵਕਾਂ ਨੂੰ ਵਧੇਰੇ ਸੁਰੱਖਿਅਤ ਰੱਖਣ ਵਿੱਚ ਮੱਦਦ ਕਰਨ ਲਈ ਲਾਗੂ ਕੀਤੀਆਂ ਜਾ ਰਹੀਆਂ ਸੋਸ਼ਲ ਮੀਡੀਆ ਉਮਰ ਬੰਦਸ਼ਾਂ ਬਾਰੇ ਤੱਥਾਂ ਨੂੰ ਜਾਣੋ।

ਜਾਣਕਾਰੀ ਸਰੋਤਾਂ ਨੂੰ ਪੰਜਾਬੀ ਵਿੱਚ ਡਾਊਨਲੋਡ ਕਰੋ, ਅਤੇ ਆਪਣੀ ਕਮਿਊਨਿਟੀ ਜਾਂ ਕਾਰਜਸਥਾਨ 'ਤੇ ਸੋਸ਼ਲ ਮੀਡੀਆ ਉਮਰ ਬੰਦਸ਼ਾਂ ਬਾਰੇ ਸਹੀ ਅਤੇ ਲਾਭਦਾਇਕ ਜਾਣਕਾਰੀ ਸਾਂਝੀ ਕਰਨ ਵਿੱਚ ਮੱਦਦ ਕਰੋ।

ਤੁਸੀਂ ਇਸ ਬਾਰੇ ਸਲਾਹ ਵੀ ਪ੍ਰਾਪਤ ਕਰ ਸਕਦੇ ਹੋ ਕਿ ਇਨ੍ਹਾਂ ਤਬਦੀਲੀਆਂ ਬਾਰੇ ਆਪਣੇ ਬੱਚੇ ਨਾਲ ਕਿਵੇਂ ਗੱਲ ਕਰਨੀ ਹੈ।

### 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ 'ਤੇ ਸੋਸ਼ਲ ਮੀਡੀਆ ਦੀ ਵਰਤੋਂ ਕਰਨ 'ਤੇ 'ਪਾਬੰਦੀ' ਕਿਉਂ ਲਗਾਈ ਜਾ ਰਹੀ ਹੈ?

**ਇਹ ਕੋਈ ਪਾਬੰਦੀ ਨਹੀਂ ਹੈ, ਇਹ ਸਿਰਫ਼ ਸੋਸ਼ਲ ਮੀਡੀਆ ਖਾਤੇ ਬਣਾਉਣ ਦੀ ਆਗਿਆ ਮਿਲਣ 'ਚ ਦੇਰੀ ਹੈ।**

ਉਮਰ ਸੰਬੰਧੀ ਬੰਦਸ਼ਾਂ ਲਾਗੂ ਹੋਣ ਵਾਲੇ ਪਲੇਟਫਾਰਮਾਂ ਲਈ ਹੁਣ ਆਸਟ੍ਰੇਲੀਆ ਵਿੱਚ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਖਾਤਾ ਬਣਾਉਣ ਦੇਣ ਜਾਂ ਰੱਖਣ ਦੇਣ ਦੀ ਆਗਿਆ ਨਹੀਂ ਹੈ। ਇਹ ਇਸ ਕਰਕੇ ਹੈ ਕਿਉਂਕਿ ਖਾਤੇ ਵਿੱਚ ਲੌਗਇਨ ਰਹਿਣ ਨਾਲ ਉਹਨਾਂ ਲਈ ਅਜਿਹੇ ਦਬਾਵਾਂ ਅਤੇ ਜ਼ੋਖਮਾਂ ਦਾ ਸਾਹਮਣਾ ਕਰਨ ਦੀ ਸੰਭਾਵਨਾ ਵੱਧ ਜਾਂਦੀ ਹੈ, ਜਿਨ੍ਹਾਂ ਨਾਲ ਨਜਿੱਠਣਾ ਮੁਸ਼ਕਲ ਹੋ ਸਕਦਾ ਹੈ। ਇਹ ਦਬਾਅ ਸੋਸ਼ਲ ਮੀਡੀਆ ਪਲੇਟਫਾਰਮ ਦੀਆਂ ਡਿਜ਼ਾਇਨ ਵਿਸ਼ੇਸ਼ਤਾਵਾਂ ਤੋਂ ਆਉਂਦੇ ਹਨ, ਜੋ ਉਹਨਾਂ ਨੂੰ ਸਕ੍ਰੀਨ 'ਤੇ ਹੋਰ ਸਮਾਂ ਬਿਤਾਉਣ ਲਈ ਪ੍ਰੇਰਿਤ ਕਰਦੀਆਂ ਹਨ ਅਤੇ ਨਾ-ਪੱਖੀ, ਪ੍ਰੇਸ਼ਾਨ ਕਰਨ ਵਾਲੀ ਜਾਂ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਵਾਲੀ ਸਮੱਗਰੀ ਦੇਖਣ ਦੀ ਸੰਭਾਵਨਾ ਵਧਾਉਂਦੀਆਂ ਹਨ।

ਉਦਾਹਰਨ ਲਈ, ਕੁੱਝ ਸਮੇਂ ਵਿੱਚ ਗਾਇਬ ਹੋਣ ਵਾਲੀ ਸਮੱਗਰੀ ਦੇਖਣ ਦਾ ਦਬਾਅ ਅਤੇ ਨੋਟੀਫਿਕੇਸ਼ਨਾਂ ਅਤੇ ਅਲਰਟਾਂ ਦੀ ਨਾ ਟੁੱਟਣ ਵਾਲੀ ਲੜੀ ਨੂੰ ਜਵਾਬ ਦੇਣ ਦਾ ਦਬਾਅ, ਇਹ ਸਭ ਸਿਹਤ ਨਾਲ ਸੰਬੰਧਿਤ ਨੁਕਸਾਨਾਂ ਨਾਲ ਜੋੜੇ ਗਏ ਹਨ- ਇਨ੍ਹਾਂ ਵਿੱਚ ਨੀਂਦ ਅਤੇ ਸੁਚੇਤਨਾ ਵਿੱਚ ਕਮੀ ਅਤੇ ਤਣਾਅ ਦੇ ਪੱਧਰਾਂ ਵਿੱਚ ਵਾਧਾ ਸ਼ਾਮਲ ਹੈ। ਨੁਕਸਾਨਦਾਇਕ ਸਮੱਗਰੀ ਨਾਲ ਜ਼ਿਆਦਾ ਸੰਪਰਕ ਹੋਣਾ ਹੁਣ ਦੀ ਅਤੇ ਲੰਬੇ ਸਮੇਂ ਦੀ ਸਿਹਤ ਅਤੇ ਤੰਦਰੁਸਤੀ 'ਤੇ ਵੀ ਅਸਰ ਪਾ ਸਕਦਾ ਹੈ।

ਜਦੋਂ ਕਿ ਜ਼ਿਆਦਾਤਰ ਪਲੇਟਫਾਰਮਾਂ 'ਤੇ ਇਸ ਵੇਲੇ ਖਾਤਾ ਬਣਾਉਣ ਲਈ ਘੱਟੋ-ਘੱਟ ਉਮਰ 13 ਸਾਲ ਹੈ, ਖਾਤੇ ਤੱਕ ਪਹੁੰਚ ਨੂੰ 16 ਸਾਲ ਦੀ ਉਮਰ ਤੱਕ ਟਾਲਣ ਨਾਲ ਯੁਵਕਾਂ ਨੂੰ ਅਹਿਮ ਹੁਨਰ ਅਤੇ ਪਰਿਪੱਕ ਹੋਣ ਲਈ ਵਧੇਰੇ ਸਮਾਂ ਮਿਲੇਗਾ। ਇਹ ਡਿਜ਼ੀਟਲ ਸਾਖਰਤਾ, ਤਰਕਸ਼ੀਲ ਸੋਚ, ਭਾਵਨਾਵਾਂ ਨੂੰ ਕਾਬੂ ਹੇਠ ਰੱਖਣ ਅਤੇ ਵਧੇਰੇ ਹਿੰਮਤ ਵਾਲੇ ਗੁਣਾਂ ਨੂੰ ਵਿਕਸਿਤ ਕਰਨ ਲਈ ਇੱਕ ਸੁਰੱਖਿਅਤ ਸਮਾਂ ਪ੍ਰਦਾਨ ਕਰਦਾ ਹੈ।

ਇਸਦਾ ਇਹ ਵੀ ਮਤਲਬ ਹੈ ਕਿ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਔਨਲਾਈਨ ਜ਼ੋਖਮਾਂ, ਅਤੇ ਨੁਕਸਾਨਾਂ ਦੇ ਪ੍ਰਭਾਵਾਂ ਬਾਰੇ ਸਿਖਾਉਣ, ਅਤੇ ਨਾਲ ਹੀ ਨਾਲ ਔਨਲਾਈਨ ਸੁਰੱਖਿਅਤ ਕਿਵੇਂ ਰਹਿਣਾ ਹੈ ਅਤੇ ਲੋੜ ਪੈਣ 'ਤੇ ਮੱਦਦ ਕਿਵੇਂ ਲੈਣੀ ਹੈ, ਇਸ ਬਾਰੇ ਸਿਖਾਉਣ ਲਈ ਵੱਧ ਸਮਾਂ ਮਿਲੇਗਾ। ਇਹ ਯੁਵਕਾਂ ਨੂੰ ਜਦੋਂ ਉਹ 16 ਸਾਲ ਦੀ ਉਮਰ ਦੇ ਹੋ ਜਾਂਦੇ ਹਨ ਅਤੇ ਉਹ ਆਪਣੇ ਪੂਰੇ ਸੋਸ਼ਲ ਮੀਡੀਆ ਖਾਤੇ ਬਣਾ ਸਕਦੇ ਹਨ, ਸਮੱਸਿਆਵਾਂ ਤੋਂ ਬਚਣ ਅਤੇ ਉਨ੍ਹਾਂ ਨਾਲ ਨਜਿੱਠਣ ਦਾ ਬਿਹਤਰ ਮੌਕਾ ਦੇਵੇਗਾ।

ਕਿਉਂਕਿ ਇਹ ਕਾਨੂੰਨ 16 ਸਾਲ ਤੋਂ ਘੱਟ ਉਮਰ ਦੇ ਸਾਰੇ ਲੋਕਾਂ 'ਤੇ ਲਾਗੂ ਹੁੰਦਾ ਹੈ, ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਨੂੰ ਹੁਣ ਇਹ ਫ਼ੈਸਲਾ ਨਹੀਂ ਕਰਨਾ ਪਵੇਗਾ ਕਿ ਉਹ ਬੱਚਿਆਂ ਨੂੰ ਉਨ੍ਹਾਂ ਪਲੇਟਫਾਰਮਾਂ 'ਤੇ ਖਾਤੇ ਬਣਾਉਣ ਦੀ ਆਗਿਆ ਦੇਣ ਜਾਂ ਨਾ ਦੇਣ, ਜਿਹੜੀਆਂ ਉਨ੍ਹਾਂ ਦੀ ਸਿਹਤ 'ਤੇ ਬੁਰਾ ਅਸਰ ਪਾ ਸਕਦੀਆਂ ਹਨ, ਜਾਂ ਫਿਰ ਇਹ ਯਕੀਨੀ ਬਣਾਉਣ ਕਿ ਕਿਤੇ ਉਹ ਸਮਾਜਿਕ ਤੌਰ 'ਤੇ ਪਿੱਛੇ ਨਾ ਰਹਿ ਜਾਣ। ਕਿਸੇ ਵੀ 16 ਸਾਲ ਤੋਂ ਘੱਟ ਉਮਰ ਵਾਲੇ ਬੱਚੇ ਨੂੰ ਇਹ ਮਹਿਸੂਸ ਨਹੀਂ ਹੋਵੇਗਾ ਕਿ ਉਹ 'ਕਿਸੇ ਚੀਜ਼ ਤੋਂ ਵਾਂਝੇ ਰਹਿ ਰਹੇ' ਹਨ। ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਨੂੰ ਹੁਣ ਸੋਸ਼ਲ ਮੀਡੀਆ ਖਾਤਿਆਂ ਲਈ 'ਹਾਂ' ਜਾਂ 'ਨਾਂਹ' ਨਹੀਂ ਕਹਿਣਾ ਪਵੇਗਾ, ਇਸਦੀ ਬਜਾਏ ਉਹ ਸਿਰਫ਼ ਇਹ ਕਹਿ ਸਕਦੇ ਹਨ ਕਿ 'ਅਜੇ ਨਹੀਂ'।

---

1 22 ਜਨਵਰੀ 2026 ਤੱਕ ਦੀ ਜਾਣਕਾਰੀ

## ਉਮਰ ਸੰਬੰਧੀ ਬੰਦਸ਼ਾਂ ਕਦੋਂ ਤੋਂ ਸ਼ੁਰੂ ਹੋਈਆਂ ਹਨ?

ਇਹ ਕਾਨੂੰਨ 10 ਦਸੰਬਰ 2025 ਨੂੰ ਲਾਗੂ ਹੋ ਚੁੱਕਾ ਹੈ। ਉਦੋਂ ਤੋਂ ਹੀ, ਆਸਟ੍ਰੇਲੀਆ ਵਿੱਚ ਰਹਿਣ ਵਾਲੇ ਲੋਕਾਂ ਨੇ ਉਮਰ ਸੰਬੰਧੀ ਬੰਦਸ਼ਾਂ ਵਾਲੇ ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਖਾਤੇ ਬਣਾਉਣ ਜਾਂ ਵਰਤਣ ਤੋਂ ਰੋਕਣ ਲਈ ਕਦਮ ਚੁੱਕਦੇ ਦੇਖਿਆ ਹੈ।

eSafety ਇਹ ਮੰਨਦੀ ਹੈ ਕਿ ਇਹ ਕਾਫ਼ੀ ਗੁੰਝਲਦਾਰ ਕੰਮ ਹੈ, ਅਤੇ ਇਹ ਯਕੀਨੀ ਬਣਾਉਣ ਲਈ ਉਦਯੋਗ ਨਾਲ ਮਿਲਕੇ ਕੰਮ ਕਰਨਾ ਜਾਰੀ ਰੱਖੇਗਾ ਕਿ ਉਮਰ ਸੰਬੰਧੀ ਬੰਦਸ਼ਾਂ ਵਾਲੇ ਸੋਸ਼ਲ ਮੀਡੀਆ ਪਲੇਟਫਾਰਮ ਕਾਨੂੰਨ ਦੀਆਂ ਸ਼ਰਤਾਂ ਦੀ ਪਾਲਣਾ ਕਰਨ ਲਈ ਵਾਜਬ ਕਦਮ ਲਾਗੂ ਕਰ ਰਹੇ ਹਨ।

## ਕਿਹੜੇ ਪਲੇਟਫਾਰਮਾਂ ‘ਤੇ ਉਮਰ ਸੰਬੰਧੀ ਬੰਦਸ਼ਾਂ ਲਾਗੂ ਹਨ?

Facebook, Instagram, Snapchat, TikTok ਅਤੇ YouTube ਕਾਨੂੰਨ ਦੁਆਰਾ ‘ਉਮਰ ਸੰਬੰਧੀ ਬੰਦਸ਼ਾਂ ਵਾਲੇ ਸੋਸ਼ਲ ਮੀਡੀਆ ਪਲੇਟਫਾਰਮ’ ਨੂੰ ਪਰਿਭਾਸ਼ਿਤ ਕਰਨ ਲਈ ਵਰਤੀਆਂ ਜਾਂਦੀਆਂ ਕਾਫ਼ੀ ਸ਼ਰਤਾਂ ਨੂੰ ਪੂਰਾ ਕਰਦੇ ਹਨ। eSafety ਇਨ੍ਹਾਂ ਕੰਪਨੀਆਂ ਵੱਲੋਂ ਦਿੱਤੀਆਂ ਸਵੈ-ਮੁਲਾਂਕਣ ਰਿਪੋਰਟਾਂ ‘ਤੇ ਵਿਚਾਰ ਕਰ ਰਹੀ ਹੈ - ਜਿਸ ਵਿੱਚ ਇਹ ਵੀ ਸ਼ਾਮਲ ਹੈ ਕਿ ਉਹ ਕਿਉਂ ਸੋਚਦੀਆਂ ਹਨ ਕਿ ਉਨ੍ਹਾਂ ਨੂੰ ਖਾਤਿਆਂ ਲਈ ਘੱਟੋ-ਘੱਟ ਉਮਰ ਦੀ ਪਾਲਣਾ ਕਰਨੀ ਚਾਹੀਦੀ ਹੈ ਜਾਂ ਨਹੀਂ।

ਉਦਯੋਗ ਨਾਲ ਗੱਲਬਾਤ ਦੌਰਾਨ ਸਾਨੂੰ ਪਤਾ ਲੱਗਿਆ ਹੈ ਕਿ ਕਈ ਪਲੇਟਫਾਰਮ ਇਹ ਉਮਰ ਸੰਬੰਧੀ ਸੋਸ਼ਲ ਮੀਡੀਆ ਬੰਦਸ਼ਾਂ ਨੂੰ ਧਿਆਨ ਵਿੱਚ ਰੱਖਦਿਆਂ ਆਪਣੀਆਂ ਸੇਵਾਵਾਂ ਵਿੱਚ ਤਬਦੀਲੀਆਂ ਕਰਨ ‘ਤੇ ਵਿਚਾਰ ਕਰ ਰਹੇ ਹਨ।

eSafety ਕਈ ਹੋਰ ਕਿਸਮ ਦੀਆਂ ਸੇਵਾਵਾਂ ਨਾਲ ਵੀ ਸੰਪਰਕ ਵਿੱਚ ਹੈ, ਕਿਉਂਕਿ ਸੰਭਾਵਨਾ ਹੈ ਕਿ ਕੁੱਝ 16 ਸਾਲ ਤੋਂ ਘੱਟ ਉਮਰ ਵਾਲੇ ਉਪਭੋਗਤਾ ਹੋਰ ਪਲੇਟਫਾਰਮਾਂ ‘ਤੇ ਜਾਣ ਦੀ ਕੋਸ਼ਿਸ਼ ਕਰ ਸਕਦੇ ਹਨ। ਅਸੀਂ WhatsApp, X, Roblox, Pinterest, Discord, Lego Play, Reddit, Kick, GitHub, HubApp, Steam, Twitch ਅਤੇ Match Group ਵੱਲੋਂ ਪ੍ਰਦਾਨ ਕੀਤੇ ਜਾਂਦੇ ਪਲੇਟਫਾਰਮਾਂ ਲਈ ਵੀ ਸਵੈ-ਮੁਲਾਂਕਣ ਰਿਪੋਰਟਾਂ ਦਿੱਤੇ ਜਾਣ ਦੀ ਬੇਨਤੀ ਕੀਤੀ ਹੈ। ਇਸ ਬੇਨਤੀ ਦਾ ਮਤਲਬ ਇਹ ਨਹੀਂ ਹੈ ਕਿ ਇਹ ਪਲੇਟਫਾਰਮ ਉਮਰ ਸੰਬੰਧੀ ਬੰਦਸ਼ਾਂ ਵਾਲੇ ਹਨ, ਸਗੋਂ ਇਹ ਹੈ ਕਿ eSafety ਨੂੰ ਉਨ੍ਹਾਂ ਬਾਰੇ ਵਧੇਰੇ ਜਾਣਕਾਰੀ ਦੀ ਲੋੜ ਹੈ।

ਆਮ ਤੌਰ ‘ਤੇ, ਇਹ ਉਮਰ ਸੰਬੰਧੀ ਬੰਦਸ਼ਾਂ ਉਨ੍ਹਾਂ ਸੋਸ਼ਲ ਮੀਡੀਆ ਪਲੇਟਫਾਰਮਾਂ ‘ਤੇ ਲਾਗੂ ਹੁੰਦੀਆਂ ਹਨ, ਜੋ ਤਿੰਨ ਖ਼ਾਸ ਸ਼ਰਤਾਂ ਨੂੰ ਪੂਰੀਆਂ ਕਰਦੇ ਹਨ, ਜਦੋਂ ਤੱਕ ਉਨ੍ਹਾਂ ਨੂੰ ਜੁਲਾਈ 2025 ਵਿੱਚ ਸੰਚਾਰ ਮੰਤਰੀ ਦੁਆਰਾ ਬਣਾਏ ਗਏ ਵਿਧਾਨਕ ਨਿਯਮਾਂ ਵਿੱਚ ਨਿਰਧਾਰਤ ਮਾਪਦੰਡਾਂ ਦੇ ਆਧਾਰ ‘ਤੇ ਬਾਹਰ ਨਹੀਂ ਰੱਖਿਆ ਜਾਂਦਾ ਹੈ।

ਜਿਨ੍ਹਾਂ ਪਲੇਟਫਾਰਮਾਂ ਦਾ ਇੱਕੋ-ਇੱਕ ਜਾਂ ਮੁੱਖ ਉਦੇਸ਼ ਮੈਸੇਜਿੰਗ ਜਾਂ ਔਨਲਾਈਨ ਗੇਮਿੰਗ ਹੈ, ਉਹ ਉਨ੍ਹਾਂ ਕਈ ਕਿਸਮਾਂ ਦੀਆਂ ਸੇਵਾਵਾਂ ਵਿੱਚੋਂ ਹਨ ਜਿਨ੍ਹਾਂ ਨੂੰ ਇਨ੍ਹਾਂ ਵਿਧਾਨਕ ਨਿਯਮਾਂ ਹੇਠ ਉਮਰ ਸੰਬੰਧੀ ਬੰਦਸ਼ਾਂ ਤੋਂ ਬਾਹਰ ਰੱਖਿਆ ਗਿਆ ਹੈ।

### ਬਹੁ-ਉਦੇਸ਼ੀ ਪਲੇਟਫਾਰਮ

ਇਹ ਗੱਲ ਯਾਦ ਰੱਖਣ ਯੋਗ ਹੈ ਕਿ ਬਹੁਤ ਸਾਰੇ ਪਲੇਟਫਾਰਮ ਬਹੁ-ਉਦੇਸ਼ੀ ਹੁੰਦੇ ਹਨ।

ਉਦਾਹਰਨ ਲਈ, ਕੁੱਝ ਮੈਸੇਜਿੰਗ ਸੇਵਾਵਾਂ ਵਿੱਚ ਸੋਸ਼ਲ-ਮੀਡੀਆ ਵਰਗੀਆਂ ਵਿਸ਼ੇਸ਼ਤਾਵਾਂ ਹੁੰਦੀਆਂ ਹਨ, ਜੋ ਉਪਭੋਗਤਾਵਾਂ ਨੂੰ ਮੈਸੇਜਿੰਗ ਤੋਂ ਇਲਾਵਾ ਹੋਰ ਤਰੀਕਿਆਂ ਨਾਲ ਵੀ ਆਪਸੀ ਸੰਪਰਕ ਕਰਨ ਦੀ ਵੀ ਆਗਿਆ ਦਿੰਦੀਆਂ ਹਨ। ਜੇਕਰ ਇਨ੍ਹਾਂ ਸੋਸ਼ਲ ਮੀਡੀਆ ਵਰਗੀਆਂ ਵਿਸ਼ੇਸ਼ਤਾਵਾਂ ਦੀ ਵੱਧ ਵਰਤੋਂ ਦੇ ਕਾਰਨ ਕਿਸੇ ਸੇਵਾ ਦਾ ਮੁੱਖ ਉਦੇਸ਼ ਬਦਲ ਜਾਂਦਾ ਹੈ, ਤਾਂ ਉਹ ਪਲੇਟਫਾਰਮ ਉਮਰ ਸੰਬੰਧੀ ਬੰਦਸ਼ਾਂ ਦੇ ਦਾਇਰੇ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ।

ਔਨਲਾਈਨ ਸੇਵਾਵਾਂ ਦੀ ਵਰਤੋਂ ਦਾ ਤਰੀਕਾ ਸਮੇਂ ਦੇ ਨਾਲ ਬਦਲ ਸਕਦਾ ਹੈ, ਬਹੁਤ ਸਾਰੀਆਂ ਸੇਵਾਵਾਂ ਬਹੁ-ਉਦੇਸ਼ੀ ਹੁੰਦੀਆਂ ਹਨ, ਅਤੇ ਨਵੀਆਂ ਸੇਵਾਵਾਂ ਲਗਾਤਾਰ ਵਿਕਸਤ ਕੀਤੀਆਂ ਜਾ ਰਹੀਆਂ ਹਨ। ਇਸ ਲਈ, ਕਿਹੜੇ ਪਲੇਟਫਾਰਮਾਂ ‘ਤੇ ਉਮਰ ਸੰਬੰਧੀ ਬੰਦਸ਼ਾਂ ਲਾਗੂ ਹੋਣਗੀਆਂ, ਉਹ ਇਹ ਇਸ ਗੱਲ ‘ਤੇ ਨਿਰਭਰ ਕਰਦੇ ਹੋਏ ਬਦਲ ਸਕਦਾ ਹੈ ਕਿ ਉਹ ਵਿਧਾਨਕ ਨਿਯਮਾਂ ਹੇਠ ਦਿੱਤੀਆਂ ਛੋਟ ਵਾਲੀਆਂ ਸ਼ਰਤਾਂ ਨੂੰ ਪੂਰਾ ਕਰਨਾ ਸ਼ੁਰੂ ਕਰਦੇ ਹਨ, ਉਨ੍ਹਾਂ ਨੂੰ ਪੂਰਾ ਕਰਦੇ ਰਹਿੰਦੇ ਹਨ ਜਾਂ ਫਿਰ ਹੁਣ ਉਨ੍ਹਾਂ ਨੂੰ ਪੂਰਾ ਨਹੀਂ ਕਰਦੇ ਹਨ।

## ਕੀ 16 ਸਾਲ ਤੋਂ ਘੱਟ ਉਮਰ ਦੇ ਬੱਚੇ, ਜਿਨ੍ਹਾਂ ਕੋਲ ਪਹਿਲਾਂ ਹੀ ਖਾਤੇ ਹਨ, ਉਨ੍ਹਾਂ ਨੂੰ ਖਾਤਿਆਂ ਦੀ ਵਰਤੋਂ ਜਾਰੀ ਰੱਖਣ ਦੀ ਆਗਿਆ ਹੋਵੇਗੀ?

ਨਹੀਂ। ਉਮਰ ਸੰਬੰਧੀ ਬੰਦਸ਼ਾਂ ਵਾਲੇ ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ 16 ਸਾਲ ਤੋਂ ਘੱਟ ਉਮਰ ਦੇ ਯੁਵਕਾਂ ਦੇ ਖਾਤਿਆਂ ਨੂੰ ਲੱਭਣ ਅਤੇ ਉਹਨਾਂ ਨੂੰ ਹਟਾਉਣ ਜਾਂ ਬੰਦ (ਡੀ-ਐਕਟੀਵੇਟ) ਕਰਨ ਲਈ ਵਾਜਬ ਕਦਮ ਚੁੱਕਣੇ ਪੈਣਗੇ।

## ਕੀ ਨਾਬਾਲਗ ਉਪਭੋਗਤਾ 16 ਸਾਲ ਦੇ ਹੋਣ ‘ਤੇ ਆਪਣੇ ਪੁਰਾਣੇ ਖਾਤਿਆਂ ਨੂੰ ਮੁੜ ਚਾਲੂ (ਰੀ-ਐਕਟੀਵੇਟ) ਕਰ ਸਕਣਗੇ?

ਇਹ ਫ਼ੈਸਲਾ ਹਰ ਪਲੇਟਫਾਰਮ ਖੁਦ ਕਰੇਗਾ। ਪਲੇਟਫਾਰਮ ਨਾਬਾਲਗ ਖਾਤੇ ਨੂੰ ਪੂਰੀ ਤਰ੍ਹਾਂ ਹਟਾ ਸਕਦਾ ਹੈ (ਇਸ ਸਥਿਤੀ ਵਿੱਚ ਉਪਭੋਗਤਾ ਨੂੰ 16 ਸਾਲ ਦਾ ਹੋਣ ‘ਤੇ ਦੁਬਾਰਾ ਸਾਈਨ ਅੱਪ ਕਰਨਾ ਪਵੇਗਾ), ਜਾਂ ਖਾਤੇ ਨੂੰ ਡੀ-ਐਕਟੀਵੇਟ ਕਰ ਸਕਦਾ ਹੈ (ਤਾਂ ਜੋ ਉਪਭੋਗਤਾ ਦੇ 16 ਸਾਲ ਦਾ ਹੋਣ ‘ਤੇ ਉਹ ਖਾਤਾ ਆਪਣੇ ਸਾਰੇ ਮੌਜੂਦਾ ਸੰਪਰਕਾਂ ਸਮੇਤ ਦੁਬਾਰਾ ਚਾਲੂ ਕੀਤਾ ਜਾ ਸਕੇ)। eSafety ਦੀ ਸਿਫ਼ਾਰਸ਼ ਹੈ ਕਿ ਉਪਭੋਗਤਾਵਾਂ ਨੂੰ ਆਪਣੇ ਲਈ ਚੁਣਨ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ।

## ਜੇਕਰ 16 ਸਾਲ ਤੋਂ ਘੱਟ ਉਮਰ ਵਾਲੇ ਬੱਚੇ ਉਮਰ ਸੰਬੰਧੀ ਬੰਦਸ਼ਾਂ ਨੂੰ ਚਕਮਾ ਦੇ ਕੇ ਖਾਤਾ ਵਰਤਣ ਦੀ ਕੋਸ਼ਿਸ਼ ਕਰਦੇ ਹਨ, ਤਾਂ ਕੀ ਉਨ੍ਹਾਂ ਲਈ ਕੋਈ ਦੰਡ ਲਾਗੂ ਹੋਵੇਗਾ?

ਉਮਰ ਸੰਬੰਧੀ ਬੰਦਸ਼ਾਂ ਵਾਲੇ ਸੋਸ਼ਲ ਮੀਡੀਆ ਪਲੇਟਫਾਰਮ ਦੀ ਵਰਤੋਂ ਕਰਨ ‘ਤੇ 16 ਸਾਲ ਤੋਂ ਘੱਟ ਉਮਰ ਵਾਲੇ ਯੁਵਕਾਂ ਜਾਂ ਉਨ੍ਹਾਂ ਦੇ ਮਾਪਿਆਂ ਜਾਂ ਦੇਖਭਾਲ ਕਰਨ ਵਾਲਿਆਂ ਲਈ ਕੋਈ ਦੰਡ ਨਹੀਂ ਹੋਵੇਗਾ।

ਇਸ ਕਾਨੂੰਨ ਦਾ ਉਦੇਸ਼ ਯੁਵਕਾਂ ਦੀ ਸੁਰੱਖਿਆ ਕਰਨਾ ਹੈ, ਨਾ ਕਿ ਉਨ੍ਹਾਂ ਨੂੰ ਸਜ਼ਾ ਦੇਣਾ ਜਾਂ ਉਨ੍ਹਾਂ ਨੂੰ ਇਕੱਲਾ ਕਰਨਾ ਨਹੀਂ। ਇਸਦਾ ਟੀਚਾ ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਨੂੰ 16 ਸਾਲ ਤੋਂ ਘੱਟ ਉਮਰ ਦੇ ਯੁਵਕਾਂ ਦੀ ਸਿਹਤ ਅਤੇ ਤੰਦਰੁਸਤੀ ਦਾ ਸਮਰਥਨ ਕਰਨ ਵਿੱਚ ਮੱਦਦ ਕਰਨਾ ਹੈ।

ਦੂਜੇ ਪਾਸੇ, ਜੇਕਰ ਉਮਰ ਸੰਬੰਧੀ ਬੰਦਸ਼ਾਂ ਲਾਗੂ ਹੋਣ ਵਾਲੇ ਸੋਸ਼ਲ ਮੀਡੀਆ ਪਲੇਟਫਾਰਮ, 16 ਸਾਲ ਤੋਂ ਘੱਟ ਉਮਰ ਦੇ ਯੁਵਕਾਂ ਨੂੰ ਖਾਤੇ ਬਣਾਉਣ ਤੋਂ ਰੋਕਣ ਲਈ ਵਾਜਬ ਕਦਮ ਨਹੀਂ ਚੁੱਕਦੇ ਹਨ, ਤਾਂ ਉਨ੍ਹਾਂ ਨੂੰ ਦੰਡਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

## 16 ਸਾਲ ਤੋਂ ਘੱਟ ਉਮਰ ਵਾਲੇ ਬੱਚਿਆਂ ਨੂੰ ਉਮਰ ਦੀਆਂ ਬੰਦਸ਼ਾਂ ਤੋਂ ਬਚਕੇ ਖਾਤੇ ਬਣਾਉਣ ਤੋਂ ਕਿਵੇਂ ਰੋਕਿਆ ਜਾਵੇਗਾ?

ਜ਼ਿਆਦਾਤਰ ਸੋਸ਼ਲ ਮੀਡੀਆ ਸੇਵਾਵਾਂ 'ਤੇ ਇਸ ਵੇਲੇ ਖਾਤਾ ਬਣਾਉਣ ਲਈ ਘੱਟੋ-ਘੱਟ ਉਮਰ ਦੀ ਸ਼ਰਤ ਹੁੰਦੀ ਹੈ, ਪਰ ਅਕਸਰ ਉਹ ਇਸਨੂੰ ਲਾਗੂ ਨਹੀਂ ਕਰਦੇ ਹਨ। ਹੁਣ ਇਹ ਸਵੀਕਾਰਯੋਗ ਨਹੀਂ ਹੋਵੇਗਾ। ਇਸ ਨਵੇਂ ਕਾਨੂੰਨ ਅਨੁਸਾਰ, ਉਮਰ ਸੰਬੰਧੀ ਬੰਦਸ਼ਾਂ ਵਾਲੇ ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਵਾਜਬ ਕਦਮ ਚੁੱਕਣੇ ਪੈਣਗੇ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ 16 ਸਾਲ ਤੋਂ ਘੱਟ ਉਮਰ ਵਾਲੇ ਬੱਚੇ ਖਾਤੇ ਨਾ ਬਣਾਉਣ ਅਤੇ ਨਾ ਹੀ ਰੱਖ ਸਕਣ।

ਕੁੱਝ ਅਜਿਹੇ ਸਿਸਟਮ ਅਤੇ ਤਕਨਾਲੋਜੀਆਂ ਮੌਜੂਦ ਹਨ, ਜੋ ਇਹ ਕੰਮ ਉਪਭੋਗਤਾਵਾਂ ਦੀ ਗੁਪਤਤਾ ਨੂੰ ਸੁਰੱਖਿਅਤ ਰੱਖਦੇ ਹੋਏ ਇਸਨੂੰ ਸੰਭਵ ਬਣਾਉਂਦੇ ਹਨ। ਇਨ੍ਹਾਂ ਵਿੱਚੋਂ ਕੁੱਝ ਤਕਨਾਲੋਜੀਆਂ ਸੋਸ਼ਲ ਮੀਡੀਆ ਪਲੇਟਫਾਰਮ ਪਹਿਲਾਂ ਹੀ ਵਰਤ ਰਹੇ ਹਨ।

ਬੇਸ਼ੱਕ, ਕੋਈ ਵੀ ਤਰੀਕਾ 100% ਸਮੇਂ 100% ਪ੍ਰਭਾਵਸ਼ਾਲੀ ਨਹੀਂ ਹੋ ਸਕਦਾ ਹੈ। ਅਸੀਂ ਜਾਣਦੇ ਹਾਂ ਕਿ ਕੁੱਝ 16 ਸਾਲ ਤੋਂ ਘੱਟ ਉਮਰ ਦੇ ਬੱਚੇ ਉਮਰ ਸੰਬੰਧੀ ਬੰਦਸ਼ਾਂ ਤੋਂ ਬਚਣ ਦੇ ਤਰੀਕੇ ਲੱਭ ਸਕਦੇ ਹਨ, ਜਿਵੇਂ ਕਿ ਕੁੱਝ ਬੱਚੇ ਸਿਗਰਟ ਅਤੇ ਸ਼ਰਾਬ ਬਾਰੇ ਬੰਦਸ਼ਾਂ ਤੋਂ ਬਚ ਜਾਂਦੇ ਹਨ।

ਜੇਕਰ ਅਜਿਹੇ ਸੰਕੇਤ ਮਿਲਦੇ ਹਨ ਕਿ ਕੋਈ ਖਾਤਾ ਧਾਰਕ ਨਾਬਾਲਗ ਹੋ ਸਕਦਾ ਹੈ, ਤਾਂ ਉਮਰ ਸੰਬੰਧੀ ਬੰਦਸ਼ਾਂ ਵਾਲੇ ਪਲੇਟਫਾਰਮਾਂ ਤੋਂ ਕਾਰਵਾਈ ਕਰਨ ਦੀ ਉਮੀਦ ਕੀਤੀ ਜਾਂਦੀ ਹੈ।

ਇਸ ਵਿੱਚ ਉਮਰ ਨਾਲ ਸੰਬੰਧਿਤ ਸੰਕੇਤਾਂ ਦੀ ਜਾਂਚ ਕਰਨੀ ਵੀ ਸ਼ਾਮਲ ਹੋ ਸਕਦੀ ਹੈ, ਜੋ ਇਹ ਪਤਾ ਕਰਨ ਵਿੱਚ ਮੱਦਦ ਕਰ ਸਕਦੇ ਹਨ ਕਿ ਕੋਈ ਵਿਅਕਤੀ 16 ਸਾਲ ਤੋਂ ਘੱਟ ਹੈ ਜਾਂ ਨਹੀਂ। ਇਹ ਸੰਕੇਤ ਹੇਠ ਲਿਖੀਆਂ ਚੀਜ਼ਾਂ ਹੋ ਸਕਦੀਆਂ ਹਨ:

- ਖਾਤਾ ਕਿੰਨੇ ਸਮੇਂ ਤੋਂ ਸਰਗਰਮ ਹੈ
- ਕੀ ਖਾਤਾ ਧਾਰਕ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਬਣਾਈ ਗਈ ਸਮੱਗਰੀ ਨਾਲ ਸੰਪਰਕ ਕਰਦਾ ਹੈ? ਖਾਤਾ ਧਾਰਕ ਅਤੇ ਉਹਨਾਂ ਲੋਕਾਂ ਵੱਲੋਂ ਵਰਤੀ ਗਈ ਭਾਸ਼ਾ ਦੇ ਪੱਧਰ ਅਤੇ ਸ਼ੈਲੀ ਦੀ ਜਾਂਚ-ਪੜਤਾਲ, ਜਿਨ੍ਹਾਂ ਨਾਲ ਉਹ ਸੰਪਰਕ ਵਿੱਚ ਹੁੰਦੇ ਹਨ
- ਵਿਜ਼ੂਅਲ ਜਾਂਚਾਂ, ਜਿਵੇਂ ਕਿ ਖਾਤਾ ਧਾਰਕ ਦੀਆਂ ਫ਼ੋਟੋਆਂ ਅਤੇ ਵੀਡੀਓਜ਼ ਤੋਂ ਚਿਹਰੇ ਦੀ ਉਮਰ ਦਾ ਅਨੁਮਾਨ ਲਗਾਉਣਾ
- ਆਡੀਓ ਜਾਂਚ, ਜਿਵੇਂ ਕਿ ਖਾਤਾ ਧਾਰਕ ਦੀ ਆਵਾਜ਼ ਦੇ ਆਧਾਰ 'ਤੇ ਉਮਰ ਦਾ ਅਨੁਮਾਨ ਲਗਾਉਣਾ
- ਗਤੀਵਿਧੀ ਪੈਟਰਨ, ਜੋ ਸਕੂਲ ਦੇ ਟਾਈਮ-ਟੇਬਲ ਨਾਲ ਮਿਲਦੇ ਹੋਣ
- 16 ਸਾਲ ਤੋਂ ਘੱਟ ਉਮਰ ਦੇ ਜਾਪਦੇ ਹੋਰ ਉਪਭੋਗਤਾਵਾਂ ਨਾਲ ਸੰਪਰਕ
- ਯੁਵਕਾਂ ਨੂੰ ਧਿਆਨ ਵਿੱਚ ਰੱਖਕੇ ਬਣਾਏ ਗਏ ਗਰੁੱਪਾਂ, ਫੋਰਮਾਂ ਜਾਂ ਕਮਿਊਨਿਟੀਆਂ ਵਿੱਚ ਮੈਂਬਰਸ਼ਿਪ

ਉਮਰ ਸੰਬੰਧੀ ਬੰਦਸ਼ਾਂ ਵਾਲੇ ਪਲੇਟਫਾਰਮਾਂ ਨੂੰ ਇਹ ਪਤਾ ਕਰਨ ਲਈ ਵੀ ਕਦਮ ਚੁੱਕਣ ਦੀ ਲੋੜ ਹੈ ਕਿ ਕੀ ਕੋਈ ਖਾਤਾ ਧਾਰਕ ਆਮ ਤੌਰ 'ਤੇ ਆਸਟ੍ਰੇਲੀਆ ਵਿੱਚ ਰਹਿੰਦਾ ਹੈ ਜਾਂ ਨਹੀਂ, ਅਤੇ ਕੀ ਉਹ ਆਪਣਾ ਸਥਾਨ ਛੁਪਾਉਣ ਲਈ VPN ਦੀ ਵਰਤੋਂ ਕਰਕੇ ਆਸਟ੍ਰੇਲੀਆ ਵਿੱਚ ਨਾ ਰਹਿੰਦੇ ਹੋਣ ਦਾ ਦਿਖਾਵਾ ਕਰ ਰਿਹਾ ਹੈ। ਇਸ ਵਿੱਚ ਸਥਾਨ-ਆਧਾਰਿਤ ਸੰਕੇਤਾਂ ਦੀ ਵਰਤੋਂ ਵੀ ਸ਼ਾਮਲ ਹੈ, ਜਿਵੇਂ ਕਿ:

- IP ਐਡਰੈੱਸ
- GPS ਜਾਂ ਹੋਰ ਸਥਾਨ-ਸੰਬੰਧੀ ਸੇਵਾਵਾਂ
- ਯੰਤਰ ਦੀ ਭਾਸ਼ਾ ਅਤੇ ਸਮੇਂ ਦੀਆਂ ਸੈਟਿੰਗਾਂ
- ਯੰਤਰ ਪਛਾਣਕਰਤਾ
- ਆਸਟ੍ਰੇਲੀਆਈ ਫ਼ੋਨ ਨੰਬਰ
- ਐਪ ਸਟੋਰ, ਆਪਰੇਟਿੰਗ ਸਿਸਟਮ ਜਾਂ ਖਾਤੇ ਦੀਆਂ ਸੈਟਿੰਗਾਂ
- ਫ਼ੋਟੋਆਂ, ਟੈਗ, ਸੰਪਰਕ, ਇਨਗੇਜਮੈਂਟ ਜਾਂ ਔਨਲਾਈਨ ਸਰਗਰਮੀ

ਇਨ੍ਹਾਂ ਉਮਰ ਅਤੇ ਸਥਾਨ-ਸੰਬੰਧੀ ਸੰਕੇਤਾਂ ਦੇ ਸਬੂਤ ਮਿਲਣ 'ਤੇ ਉਮੀਦ ਕੀਤੀ ਜਾਂਦੀ ਹੈ ਕਿ ਉਮਰ ਦੀ ਪੁਸ਼ਟੀ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾਵੇਗੀ, ਜਾਂ ਜੇਕਰ ਖਾਤੇ ਦੀ ਪਹਿਲਾਂ ਹੀ ਜਾਂਚ ਹੋਈ ਹੈ, ਤਾਂ ਉਸਦੀ ਮੁੜ ਸਮੀਖਿਆ ਕੀਤੀ ਜਾਵੇਗੀ।

## ਇਸ ਕਾਨੂੰਨ ਦੀ ਪਾਲਣਾ ਕਰਨ ਲਈ ਉਮਰ ਸੰਬੰਧੀ ਬੰਦਸ਼ਾਂ ਵਾਲੇ ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਕੀ ਕਰਨਾ ਪਵੇਗਾ?

ਉਮਰ ਸੰਬੰਧੀ ਬੰਦਸ਼ਾਂ ਵਾਲੇ ਪਲੇਟਫਾਰਮਾਂ ਤੋਂ ਹੇਠ ਲਿਖੀਆਂ ਗੱਲਾਂ ਲਈ ਵਾਜਬ ਕਦਮ ਚੁੱਕਣ ਦੀ ਉਮੀਦ ਕੀਤੀ ਕੀਤੀ ਜਾਂਦੀ ਹੈ, ਜਿਵੇਂ ਕਿ:

- 16 ਸਾਲ ਤੋਂ ਘੱਟ ਉਮਰ ਵਾਲੇ ਯੁਵਕਾਂ ਦੇ ਮੌਜੂਦਾ ਖਾਤਿਆਂ ਨੂੰ ਲੱਭਣਾ, ਅਤੇ ਉਹਨਾਂ ਖਾਤਿਆਂ ਨੂੰ ਡੀ-ਐਕਟੀਵੇਟ ਕਰਨਾ ਜਾਂ ਹਟਾਉਣਾ
- 16 ਸਾਲ ਤੋਂ ਘੱਟ ਉਮਰ ਵਾਲੇ ਯੁਵਕਾਂ ਨੂੰ ਨਵੇਂ ਖਾਤੇ ਬਣਾਉਣ ਤੋਂ ਰੋਕਣਾ
- ਉਹ ਤਰੀਕੇ ਰੋਕਣਾ, ਜਿਨ੍ਹਾਂ ਰਾਹੀਂ 16 ਸਾਲ ਤੋਂ ਘੱਟ ਉਮਰ ਵਾਲੇ ਯੁਵਕ ਬੰਦਸ਼ਾਂ ਨੂੰ ਚਕਮਾ ਦੇ ਸਕਦੇ ਹਨ
- ਇਹ ਯਕੀਨੀ ਬਣਾਉਣ ਲਈ ਪ੍ਰਕਿਰਿਆਵਾਂ ਰੱਖਣਾ ਕਿ ਜੇਕਰ ਕਿਸੇ ਨੂੰ ਗਲਤੀ ਨਾਲ ਬੰਦਸ਼ਾਂ ਤੋਂ ਛੋਟ ਦੇ ਦਿੱਤੀ ਜਾਂਦੀ ਹੈ ਜਾਂ ਗ਼ਲਤੀ ਨਾਲ ਬੰਦਸ਼ਾਂ ਵਿੱਚ ਸ਼ਾਮਲ ਕਰ ਦਿੱਤਾ ਗਿਆ ਹੈ, ਤਾਂ ਉਸਦੀ ਸਥਿਤੀ ਠੀਕ ਕੀਤੀ ਜਾ ਸਕੇ, ਤਾਂ ਜੋ ਕਿਸੇ ਦਾ ਖਾਤਾ ਗ਼ਲਤ ਤਰੀਕੇ ਨਾਲ ਨਾ ਹਟਾਇਆ ਜਾਵੇ।

ਪਲੇਟਫਾਰਮਾਂ ਨੂੰ ਇਸ ਲਈ ਵੀ ਸਪੱਸ਼ਟ ਤਰੀਕੇ ਪ੍ਰਦਾਨ ਕਰਨੇ ਚਾਹੀਦੇ ਹਨ, ਤਾਂ ਜੋ ਲੋਕ ਨਾਬਾਲਗ ਖਾਤਿਆਂ ਦੀ ਰਿਪੋਰਟ ਕਰ ਸਕਣ ਜਾਂ ਜੇਕਰ ਉਨ੍ਹਾਂ 'ਤੇ ਗ਼ਲਤੀ ਨਾਲ ਉਮਰ ਦੀਆਂ ਬੰਦਸ਼ਾਂ ਲਾਗੂ ਹੋ ਗਈਆਂ ਹੋਣ, ਤਾਂ ਉਹ ਸਮੀਖਿਆ ਲਈ ਬੇਨਤੀ ਕਰ ਸਕਣ।

ਉਮਰ ਸੰਬੰਧੀ ਬੰਦਸ਼ਾਂ ਵਾਲੇ ਪਲੇਟਫਾਰਮਾਂ ਤੋਂ ਇਹ ਵੀ ਉਮੀਦ ਕੀਤੀ ਜਾਂਦੀ ਹੈ ਕਿ ਉਹ 16 ਸਾਲ ਤੋਂ ਘੱਟ ਉਮਰ ਦੇ ਉਪਭੋਗਤਾਵਾਂ ਨੂੰ ਇਹ ਜਾਣਕਾਰੀ ਦੇਣ ਕਿ ਉਹ ਉਨ੍ਹਾਂ ਦਾ ਖਾਤਾ ਡੀ-ਐਕਟੀਵੇਟ ਜਾਂ ਹਟਾਏ ਜਾਣ ਤੋਂ ਪਹਿਲਾਂ ਉਹ ਆਪਣੀ ਖਾਤਾ ਜਾਣਕਾਰੀ ਨੂੰ ਕਿਵੇਂ ਸਰਲ ਅਤੇ ਸਹਿਜ ਤਰੀਕੇ ਨਾਲ ਡਾਊਨਲੋਡ ਕਰ ਸਕਦੇ ਹਨ, ਜਾਂ ਖਾਤਾ ਡੀ-ਐਕਟੀਵੇਟ ਹੋਣ ਤੋਂ ਬਾਅਦ ਵਾਜਬ ਸਮੇਂ ਦੇ ਵਿੱਚ-ਵਿੱਚ ਉਹ ਆਪਣੀ ਜਾਣਕਾਰੀ ਤੱਕ ਪਹੁੰਚ ਦੀ ਬੇਨਤੀ ਕਿਵੇਂ ਕਰ ਸਕਦੇ ਹਨ। ਇਹ ਜਾਣਕਾਰੀ ਇੱਕ ਅਜਿਹੇ ਰੂਪ ਵਿੱਚ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ ਜੋ ਆਸਾਨੀ ਨਾਲ ਪਹੁੰਚਯੋਗ ਹੋਵੇ। ਪਲੇਟਫਾਰਮਾਂ ਨੂੰ ਉਨ੍ਹਾਂ ਰੂਪਾਂ 'ਤੇ ਵੀ ਵਿਚਾਰ ਕਰਨਾ ਚਾਹੀਦਾ ਹੈ, ਜੋ ਵਰਤੋਂ ਕਰਨ ਵਾਲਿਆਂ ਨੂੰ ਆਪਣੀ ਜਾਣਕਾਰੀ

ਅਤੇ ਸਮੱਗਰੀ ਨੂੰ ਹੋਰ ਸੇਵਾਵਾਂ ਵਿੱਚ ਟ੍ਰਾਂਸਫਰ ਕਰਨ ਦੀ ਆਗਿਆ ਦੇਣ, ਜਾਂ ਜਦੋਂ ਉਹ 16 ਸਾਲ ਦੇ ਹੋਣ ਤੋਂ ਬਾਅਦ ਦੁਬਾਰਾ ਸਾਈਨ ਅੱਪ ਕਰਨ ਤਾਂ ਉਹੀ ਜਾਣਕਾਰੀ ਮੁੜ ਉਸੇ ਪਲੇਟਫਾਰਮ 'ਤੇ ਅੱਪਲੋਡ ਕਰਨ ਦੀ ਆਗਿਆ ਦੇਣ।

ਪਲੇਟਫਾਰਮਾਂ ਲਈ ਪੂਰੀਆਂ ਉਮੀਦਾਂ Social Media Minimum Age Regulatory Guidance [ਸੋਸ਼ਲ ਮੀਡੀਆ ਲਈ ਘੱਟੋ-ਘੱਟ ਉਮਰ ਬਾਰੇ ਕਾਨੂੰਨੀ ਹਿਦਾਇਤਾਂ]ਵਿੱਚ ਦਿੱਤੀਆਂ ਗਈਆਂ ਹਨ।

## 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਖਾਤੇ ਬਣਾਉਣ ਦੀ ਆਗਿਆ ਦੇਣ ਵਾਲੇ ਉਮਰ ਸੰਬੰਧੀ ਬੰਦਸ਼ਾਂ ਵਾਲੇ ਪਲੇਟਫਾਰਮਾਂ ਲਈ ਕੀ ਦੰਡ ਹਨ?

ਅਦਾਲਤ ਉਨ੍ਹਾਂ ਪਲੇਟਫਾਰਮਾਂ ਲਈ ਸਿਵਲ ਦੰਡ ਲਾਗੂ ਕਰਨ ਦਾ ਆਦੇਸ਼ ਦੇ ਸਕਦੀ ਹੈ, ਜੋ ਨਾਬਾਲਗ ਉਪਭੋਗਤਾਵਾਂ ਨੂੰ ਆਪਣੇ ਪਲੇਟਫਾਰਮਾਂ 'ਤੇ ਖਾਤੇ ਰੱਖਣ ਤੋਂ ਰੋਕਣ ਲਈ ਵਾਜਬ ਕਦਮ ਨਹੀਂ ਚੁੱਕਦੇ ਹਨ। ਇਸ ਵਿੱਚ ਕਾਰਪੋਰੇਸ਼ਨਾਂ ਲਈ ਅਦਾਲਤ ਵੱਲੋਂ 150,000 ਪੈਨਲਟੀ ਯੂਨਿਟਾਂ ਤੱਕ ਦੇ ਜੁਰਮਾਨੇ ਲਗਾਉਣਾ ਸ਼ਾਮਲ ਹਨ - ਜੋ ਇਸ ਵੇਲੇ ਕੁੱਲ $49.5 ਮਿਲੀਅਨ AUD ਦੇ ਬਰਾਬਰ ਹੈ।

eSafety ਕਾਨੂੰਨ ਪਾਲਣਾ ਦੀ ਨਿਗਰਾਨੀ ਕਰੇਗਾ ਅਤੇ ਇਸ ਕਾਨੂੰਨ ਨੂੰ ਲਾਗੂ ਕਰੇਗੀ। ਇਹ ਔਨਲਾਈਨ ਸੁਰੱਖਿਆ ਕਾਨੂੰਨ ਵਿੱਚ ਪ੍ਰਦਾਨ ਕੀਤੀਆਂ ਗਈਆਂ ਕਈ ਤਰ੍ਹਾਂ ਦੀਆਂ ਰੈਗੂਲੇਟਰੀ ਸ਼ਕਤੀਆਂ ਦੁਆਰਾ ਕੀਤਾ ਜਾਵੇਗਾ।

## ਕੀ ਉਮਰ ਸੰਬੰਧੀ ਬੰਦਸ਼ਾਂ ਨਾਲ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਔਨਲਾਈਨ ਹੋਣ ਦੇ ਮਹੱਤਵਪੂਰਨ ਫ਼ਾਇਦਿਆਂ ਤੋਂ ਵਾਂਝੇ ਨਹੀਂ ਕਰ ਦਿੱਤਾ ਜਾਵੇਗਾ?

16 ਸਾਲ ਤੋਂ ਘੱਟ ਉਮਰ ਦੇ ਬੱਚੇ ਅਜੇ ਵੀ ਉਹ ਔਨਲਾਈਨ ਸੇਵਾਵਾਂ, ਵੈੱਬਸਾਈਟਾਂ ਅਤੇ ਐਪਾਂ ਦੀ ਵਰਤੋਂ ਕਰ ਸਕਣਗੇ, ਜੋ ਸੋਸ਼ਲ ਮੀਡੀਆ ਦੀਆਂ ਉਮਰ ਬੰਦਸ਼ਾਂ ਦੇ ਦਾਇਰੇ ਵਿੱਚ ਨਹੀਂ ਆਉਂਦੀਆਂ ਹਨ।

ਆਸਟ੍ਰੇਲੀਆਈ ਸਰਕਾਰ ਡਿਜ਼ੀਟਲ ਅਧਿਕਾਰਾਂ ਦੀ ਵਿਸ਼ਾਲ ਸ਼੍ਰੇਣੀ ਨਾਲ ਸੁਰੱਖਿਆ ਨੂੰ ਸੰਤੁਲਿਤ ਕਰਨ ਦੀ ਜ਼ਰੂਰਤ ਪ੍ਰਤੀ ਸੁਚੇਤ ਹੈ। 16 ਸਾਲ ਤੋਂ ਘੱਟ ਉਮਰ ਦੇ ਬੱਚੇ ਅਜੇ ਵੀ ਉਨ੍ਹਾਂ ਪਲੇਟਫਾਰਮਾਂ 'ਤੇ ਆਪਣੇ ਆਪ ਨੂੰ ਖੋਜਣ ਅਤੇ ਪ੍ਰਗਟ ਕਰਨ ਦੇ ਯੋਗ ਹੋਣਗੇ ਜੋ ਉਮਰ ਦੀਆਂ ਬੰਦਸ਼ਾਂ ਦੇ ਅਧੀਨ ਨਹੀਂ ਆਉਂਦੇ ਹਨ, ਅਤੇ ਸੰਪਰਕ, ਰਚਨਾਤਮਕਤਾ, ਸਿੱਖਣ, ਸਿਹਤ ਸੰਬੰਧੀ ਜਾਣਕਾਰੀ ਅਤੇ ਮਨੋਰੰਜਨ ਕਰਨ ਦੀ ਆਗਿਆ ਦਿੰਦੀਆਂ ਹਨ।

ਇਸ ਤੋਂ ਇਲਾਵਾ, ਜਿਨ੍ਹਾਂ ਪਲੇਟਫਾਰਮਾਂ ਦਾ ਇੱਕੋ-ਇੱਕ ਜਾਂ ਮੁੱਖ ਉਦੇਸ਼ ਮੈਸੇਜਿੰਗ ਜਾਂ ਔਨਲਾਈਨ ਗੇਮਿੰਗ ਹੈ, ਉਹ ਉਨ੍ਹਾਂ ਕਈ ਕਿਸਮਾਂ ਦੀਆਂ ਸੇਵਾਵਾਂ ਵਿੱਚ ਸ਼ਾਮਲ ਹਨ ਜਿਨ੍ਹਾਂ ਨੂੰ ਇਨ੍ਹਾਂ ਕਾਨੂੰਨੀ ਨਿਯਮਾਂ ਹੇਠ ਉਮਰ ਦੀਆਂ ਬੰਦਸ਼ਾਂ ਤੋਂ ਛੋਟ ਦਿੱਤੀ ਗਈ ਹੈ। ਇਨ੍ਹਾਂ ਛੋਟਾਂ ਬਾਰੇ ਹੋਰ ਪੜ੍ਹੋ।

ਜੇਕਰ 16 ਸਾਲ ਤੋਂ ਘੱਟ ਉਮਰ ਵਾਲੇ ਬੱਚੇ ਕਿਸੇ ਤੰਗ-ਪ੍ਰੇਸ਼ਾਨੀ ਦਾ ਸਾਹਮਣਾ ਕਰ ਰਹੇ ਹੋਣ, ਤਾਂ ਉਹ ਉਨ੍ਹਾਂ ਔਨਲਾਈਨ ਸੇਵਾਵਾਂ ਤੱਕ ਵੀ ਪਹੁੰਚ ਜਾਰੀ ਰੱਖ ਸਕਦੇ ਹਨ ਜੋ ਉਨ੍ਹਾਂ ਨੂੰ ਜ਼ਰੂਰੀ ਜਾਣਕਾਰੀ ਅਤੇ ਸਹਾਇਤਾ ਪ੍ਰਦਾਨ ਕਰਦੀਆਂ ਹਨ।

## ਮੇਰੇ ਬੱਚੇ ਨੂੰ ਕਦੇ ਵੀ ਸੋਸ਼ਲ ਮੀਡੀਆ 'ਤੇ ਕੋਈ ਸਮੱਸਿਆ ਨਹੀਂ ਆਈ, ਫਿਰ ਉਹ ਇਸ ਤੋਂ ਵਾਂਝੇ ਕਿਉਂ ਰਹਿਣ?

ਅਸੀਂ ਜਾਣਦੇ ਹਾਂ ਕਿ ਸਾਰੇ ਯੁਵਕ ਇੱਕੋ ਜਿਹੇ ਨਹੀਂ ਹੁੰਦੇ ਹਨ। ਉਹ ਸੋਸ਼ਲ ਮੀਡੀਆ ਪਲੇਟਫਾਰਮਾਂ ਦੀ ਵਰਤੋਂ ਵੱਖ-ਵੱਖ ਤਰੀਕਿਆਂ ਨਾਲ ਕਰਦੇ ਹਨ ਅਤੇ ਉਨ੍ਹਾਂ ਦਾ ਨੁਕਸਾਨ ਕਰਨ ਵਾਲੇ ਜ਼ੋਖਮਾਂ ਨਾਲ ਵੀ ਵੱਖ-ਵੱਖ ਪੱਧਰਾਂ 'ਤੇ ਪਾਲਾ ਪੈਂਦਾ ਹੈ।

ਹਾਲਾਂਕਿ, ਆਸਟ੍ਰੇਲੀਆਈ ਸੰਸਦ ਨੇ ਇਨ੍ਹਾਂ ਬੰਦਸ਼ਾਂ ਲਈ 16 ਸਾਲ ਤੋਂ ਘੱਟ ਉਮਰ ਦੇ ਆਸਟ੍ਰੇਲੀਆ ਵਿੱਚ ਰਹਿਣ ਵਾਲੇ ਸਾਰੇ ਲੋਕਾਂ ਦੀ ਭਲਾਈ ਲਈ ਵੋਟ ਦਿੱਤੀ ਹੈ। ਇਹ ਦੇਰੀ ਹੋਰ ਉਮਰ-ਆਧਾਰਿਤ ਕਾਨੂੰਨਾਂ ਵਰਗੀ ਹੀ ਹੈ, ਜਿਵੇਂ ਸ਼ਰਾਬ ਅਤੇ ਸਿਗਰਟ ਦੀ ਵਿਕਰੀ 'ਤੇ ਲੱਗੀਆਂ ਬੰਦਸ਼ਾਂ।

ਕਿਉਂਕਿ ਇਹ ਕਾਨੂੰਨ ਸਾਰੇ ਲੋਕਾਂ 'ਤੇ ਲਾਗੂ ਹੁੰਦਾ ਹੈ ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਨੂੰ ਹੁਣ ਇਹ ਫ਼ੈਸਲਾ ਨਹੀਂ ਕਰਨਾ ਪਵੇਗਾ ਕਿ ਉਹ ਆਪਣੇ 16 ਸਾਲ ਤੋਂ ਘੱਟ ਬੱਚਿਆਂ ਨੂੰ ਉਨ੍ਹਾਂ ਪਲੇਟਫਾਰਮਾਂ 'ਤੇ ਖਾਤੇ ਬਣਾਉਣ ਦੀ ਆਗਿਆ ਦੇਣ ਜਾਂ ਨਾ ਦੇਣ, ਜਿਹੜੀਆਂ ਉਨ੍ਹਾਂ ਦੀ ਸਿਹਤ 'ਤੇ ਬੁਰਾ ਅਸਰ ਪਾ ਸਕਦੀਆਂ ਹਨ, ਜਾਂ ਫਿਰ ਇਹ ਯਕੀਨੀ ਬਣਾਉਣ ਕਿ ਕਿਤੇ ਉਹ ਸਮਾਜਿਕ ਤੌਰ 'ਤੇ ਪਿੱਛੇ ਨਾ ਰਹਿ ਜਾਣ। ਕਿਸੇ ਵੀ 16 ਸਾਲ ਤੋਂ ਘੱਟ ਉਮਰ ਵਾਲੇ ਬੱਚੇ ਨੂੰ ਇਹ ਮਹਿਸੂਸ ਨਹੀਂ ਹੋਵੇਗਾ ਕਿ ਉਹ 'ਕਿਸੇ ਚੀਜ਼ ਤੋਂ ਵਾਂਝੇ ਰਹਿ ਰਹੇ' ਹਨ। ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਨੂੰ ਹੁਣ ਸੋਸ਼ਲ ਮੀਡੀਆ ਖਾਤਿਆਂ ਲਈ 'ਹਾਂ' ਜਾਂ 'ਨਾਂਹ' ਨਹੀਂ ਕਹਿਣਾ ਪਵੇਗਾ, ਇਸਦੀ ਬਜਾਏ ਉਹ ਸਿਰਫ਼ ਇਹ ਕਹਿ ਸਕਦੇ ਹਨ ਕਿ 'ਅਜੇ ਨਹੀਂ'।

## ਕੀ 16 ਸਾਲ ਤੋਂ ਘੱਟ ਉਮਰ ਵਾਲੇ ਬੱਚੇ ਖਾਤਾ ਬਣਾਏ ਬਿਨਾਂ ਵੀ ਸੋਸ਼ਲ ਮੀਡੀਆ ਫੀਡ ਨਹੀਂ ਦੇਖ ਸਕਣਗੇ?

16 ਸਾਲ ਤੋਂ ਘੱਟ ਉਮਰ ਦੇ ਬੱਚੇ ਅਜੇ ਵੀ ਜਨਤਕ ਤੌਰ 'ਤੇ ਉਪਲਬਧ ਸੋਸ਼ਲ ਮੀਡੀਆ ਸਮੱਗਰੀ ਦੇਖ ਸਕਦੇ ਹਨ ਜਿਸ ਲਈ ਕਿਸੇ ਖਾਤੇ ਵਿੱਚ ਲੌਗਇਨ ਕਰਨ ਦੀ ਲੋੜ ਨਹੀਂ ਹੁੰਦੀ ਹੈ। ਕਿਉਂਕਿ ਉਹ ਲੌਗਇਨ ਨਹੀਂ ਹੋਣਗੇ, ਇਸ ਲਈ ਉਨ੍ਹਾਂ ਦੇ ਸੋਸ਼ਲ ਮੀਡੀਆ ਦੀਆਂ ਕੁੱਝ ਨੁਕਸਾਨਦਾਇਕ ਡਿਜ਼ਾਈਨ ਵਿਸ਼ੇਸ਼ਤਾਵਾਂ ਦੇ ਸੰਪਰਕ ਵਿੱਚ ਆਉਣ ਦੀ ਸੰਭਾਵਨਾ ਘੱਟ ਹੋਵੇਗੀ।

ਉਦਾਹਰਨ ਲਈ, ਇਸ ਵੇਲੇ YouTube 'ਤੇ ਮੌਜੂਦ ਜ਼ਿਆਦਾਤਰ ਸਮੱਗਰੀ ਬਿਨਾਂ ਖਾਤੇ ਦੇ ਵੀ ਦੇਖੀ ਜਾ ਸਕਦੀ ਹੈ।

ਇੱਕ ਹੋਰ ਉਦਾਹਰਨ ਇਹ ਹੈ ਕਿ Facebook 'ਤੇ ਕੁੱਝ ਸਮੱਗਰੀ, ਜਿਵੇਂ ਸੋਸ਼ਲ ਮੀਡੀਆ ਨੂੰ ਆਪਣਾ ਹੋਸਟ ਪਲੇਟਫਾਰਮ ਵਜੋਂ ਵਰਤਣ ਵਾਲੇ ਕਾਰੋਬਾਰਾਂ ਜਾਂ ਸੇਵਾ ਪ੍ਰਦਾਤਾਵਾਂ ਦੇ ਲੈਂਡਿੰਗ ਪੇਜ, ਹਰ ਕੋਈ ਦੇਖ ਸਕਦਾ ਹੈ।

ਆਸਟ੍ਰੇਲੀਆਈ ਸਰਕਾਰ ਦਾ ਮਨੋਰਥ ਇਹ ਹੈ ਕਿ ਜੇਕਰ 16 ਸਾਲ ਤੋਂ ਘੱਟ ਉਮਰ ਵਾਲੇ ਬੱਚੇ ਕਿਸੇ ਤੰਗ-ਪ੍ਰੇਸ਼ਾਨੀ ਸਾਹਮਣਾ ਕਰ ਰਹੇ ਹੋਣ, ਤਾਂ ਉਹ ਉਨ੍ਹਾਂ ਔਨਲਾਈਨ ਸੇਵਾਵਾਂ ਤੱਕ ਪਹੁੰਚ ਕਰਨਾ ਜਾਰੀ ਰੱਖ ਸਕਣ, ਜੋ ਮਹੱਤਵਪੂਰਨ ਜਾਣਕਾਰੀ ਅਤੇ ਸਹਾਇਤਾ ਪ੍ਰਦਾਨ ਕਰਦੀਆਂ ਹਨ, ਇਸੇ ਲਈ ਕੁੱਝ ਸੇਵਾਵਾਂ ਨੂੰ ਕਾਨੂੰਨੀ ਨਿਯਮਾਂ ਹੇਠ ਉਮਰ ਸੰਬੰਧੀ ਬੰਦਸ਼ਾਂ ਤੋਂ ਬਾਹਰ ਰੱਖਿਆ ਗਿਆ ਹੈ।

## ਕੀ ਆਸਟ੍ਰੇਲੀਆ ਵਿੱਚ ਰਹਿਣ ਵਾਲੇ ਹਰ ਵਿਅਕਤੀ ਨੂੰ ਹੁਣ ਸੋਸ਼ਲ ਮੀਡੀਆ ਦੀ ਵਰਤੋਂ ਕਰਨ ਲਈ ਆਪਣੀ ਉਮਰ ਸਾਬਤ ਕਰਨੀ ਪਵੇਗੀ?

ਨਹੀਂ। eSafety ਕਿਸੇ ਪਲੇਟਫਾਰਮ ਤੋਂ ਇਹ ਉਮੀਦ ਨਹੀਂ ਕਰਦੀ ਕਿ ਉਹ ਹਰੇਕ ਖਾਤਾ ਧਾਰਕ ਨੂੰ ਉਮਰ ਜਾਂਚ ਪ੍ਰਕਿਰਿਆ ਵਿੱਚੋਂ ਲੰਘਾਏਗਾ, ਜੇਕਰ ਪਲੇਟਫਾਰਮ ਕੋਲ ਪਹਿਲਾਂ ਹੀ ਇਹ ਸਹੀ ਜਾਣਕਾਰੀ ਹੈ ਜੋ ਦਰਸਾਉਂਦੀ ਹੈ ਕਿ ਉਪਭੋਗਤਾ 16 ਸਾਲ ਜਾਂ ਇਸ ਤੋਂ ਵੱਧ ਉਮਰ ਦਾ ਹੈ।

ਉਦਾਹਰਨ ਲਈ, ਜੇਕਰ ਕਿਸੇ ਨੇ 2006 ਵਿੱਚ Facebook ਦੇ ਆਸਟ੍ਰੇਲੀਆ ਵਿੱਚ ਸ਼ੁਰੂ ਹੋਣ ਤੋਂ ਲੈ ਕੇ ਹੀ ਖਾਤਾ ਬਣਾਇਆ ਹੋਇਆ ਹੈ, ਤਾਂ Meta ਵਾਜਬ ਤੌਰ 'ਤੇ ਇਹ ਮੰਨ ਸਕਦਾ ਹੈ ਕਿ ਉਹ 16 ਸਾਲ ਤੋਂ ਵੱਧ ਉਮਰ ਦੇ ਹਨ, ਅਤੇ ਇਸ ਲਈ ਹੋਰ ਜਾਂਚ ਦੀ ਲੋੜ ਨਹੀਂ ਹੈ।

## ਆਸਟ੍ਰੇਲੀਆ ਵਿੱਚ ਰਹਿਣ ਵਾਲੇ ਉਹ ਲੋਕ ਜਿਨ੍ਹਾਂ ਨੂੰ ਆਪਣੀ ਉਮਰ ਸਾਬਤ ਕਰਨੀ ਪਵੇਗੀ, ਉਨ੍ਹਾਂ ਲਈ ਕਿਹੜੇ ਤਰੀਕੇ ਮੰਨਜ਼ੂਰ ਕੀਤੇ ਜਾਣਗੇ?

ਖਾਤਾ ਬਣਾਉਣ ਸਮੇਂ ਅਤੇ ਬਾਅਦ ਵਿੱਚ ਉਮਰ ਦੀ ਜਾਂਚ ਕਰਨ ਲਈ ਕਈ ਤਰ੍ਹਾਂ ਦੀਆਂ ਤਕਨਾਲੋਜੀਆਂ ਉਪਲਬਧ ਹਨ। ਇਹ ਹਰੇਕ ਪਲੇਟਫਾਰਮ 'ਤੇ ਨਿਰਭਰ ਕਰਦਾ ਹੈ ਕਿ ਉਹ ਕਿਹੜੇ ਤਰੀਕਿਆਂ ਦੀ ਵਰਤੋਂ ਕਰਦਾ ਹੈ।

ਕੁੱਝ ਅਜਿਹੇ ਸਿਸਟਮ ਅਤੇ ਤਕਨਾਲੋਜੀਆਂ ਮੌਜੂਦ ਹਨ, ਜੋ ਇਹ ਕੰਮ ਉਪਭੋਗਤਾਵਾਂ ਦੀ ਗੁਪਤਤਾ ਨੂੰ ਸੁਰੱਖਿਅਤ ਰੱਖਦੇ ਹੋਏ ਇਸਨੂੰ ਸੰਭਵ ਬਣਾਉਂਦੇ ਹਨ। ਇਨ੍ਹਾਂ ਵਿੱਚੋਂ ਕੁੱਝ ਤਕਨਾਲੋਜੀਆਂ ਸੋਸ਼ਲ ਮੀਡੀਆ ਪਲੇਟਫਾਰਮ ਪਹਿਲਾਂ ਹੀ ਵਰਤ ਰਹੇ ਹਨ।

## ਕੀ ਆਸਟ੍ਰੇਲੀਆ ਵਿੱਚ ਜਿਨ੍ਹਾਂ ਲੋਕਾਂ ਨੂੰ ਆਪਣੀ ਉਮਰ ਸਾਬਤ ਕਰਨੀ ਪੈਣੀ ਹੈ, ਉਨ੍ਹਾਂ ਨੂੰ ਸਰਕਾਰੀ ID ਦੀ ਵਰਤੋਂ ਕਰਨ ਲਈ ਮਜਬੂਰ ਕੀਤਾ ਜਾਵੇਗਾ?

ਨਹੀਂ। ਦਰਅਸਲ, Social Media Minimum Age [ਸੋਸ਼ਲ ਮੀਡੀਆ ਲਈ ਘੱਟੋ-ਘੱਟ ਉਮਰ] ਕਾਨੂੰਨ ਸਪੱਸ਼ਟ ਤੌਰ 'ਤੇ ਪਲੇਟਫਾਰਮਾਂ ਨੂੰ ਇਹ ਮਨ੍ਹਾ ਕਰਦਾ ਹੈ ਕਿ ਉਹ ਆਸਟ੍ਰੇਲੀਆ ਵਿੱਚ ਰਹਿਣ ਵਾਲੇ ਲੋਕਾਂ ਨੂੰ ਉਮਰ ਸਾਬਤ ਕਰਨ ਲਈ ਸਰਕਾਰ ਵੱਲੋਂ ਜਾਰੀ ਕੀਤੀ ID ਪ੍ਰਦਾਨ ਕਰਨ ਜਾਂ ਆਸਟ੍ਰੇਲੀਆਈ ਸਰਕਾਰ ਦੁਆਰਾ ਮਾਨਤਾ ਪ੍ਰਾਪਤ ਡਿਜ਼ੀਟਲ ID ਸੇਵਾ ਵਰਤਣ ਲਈ ਮਜ਼ਬੂਰ ਕਰਨ।

ਪਲੇਟਫਾਰਮ ਇਸਨੂੰ ਇੱਕ ਤਰੀਕੇ ਵਜੋਂ ਪੇਸ਼ ਕਰ ਸਕਦੇ ਹਨ, ਪਰ ਉਨ੍ਹਾਂ ਲਈ ਇਸਦੇ ਨਾਲ ਕੋਈ ਵਾਜਬ ਤਰੀਕਾ ਦੇਣਾ ਵੀ ਲਾਜ਼ਮੀ ਹੈ, ਤਾਂ ਜੋ 16 ਸਾਲ ਜਾਂ ਇਸ ਤੋਂ ਵੱਧ ਉਮਰ ਵਾਲੇ ਕਿਸੇ ਵੀ ਵਿਅਕਤੀ ਨੂੰ ਸਿਰਫ਼ ਇਸ ਲਈ ਸੋਸ਼ਲ ਮੀਡੀਆ ਖਾਤਾ ਬਣਾਉਣ ਤੋਂ ਨਾ ਰੋਕਿਆ ਜਾਵੇ ਕਿ ਉਹ ਸਰਕਾਰੀ ID ਦੇਣਾ ਨਹੀਂ ਚਾਹੁੰਦਾ ਹੈ। ਇਸ ਵਿੱਚ ਉਹ ਸਥਿਤੀਆਂ ਵੀ ਸ਼ਾਮਲ ਹਨ ਜਿੱਥੇ ਹੋਰ ਉਮਰ-ਜਾਂਚ ਤਰੀਕਿਆਂ ਨਾਲ ਉਹ ਨਤੀਜਾ ਆਉਂਦਾ ਹੈ, ਜੋ ਉਪਭੋਗਤਾ ਸਵੀਕਾਰ ਨਾ ਕਰਦਾ ਹੋਵੇ।

ਜੇਕਰ ਕੋਈ ਪਲੇਟਫਾਰਮ ਆਸਟ੍ਰੇਲੀਆ ਦੇ ਨਿਵਾਸੀਆਂ ਨੂੰ ਸਰਕਾਰੀ ID ਦੀ ਵਰਤੋਂ ਕਰਨ ਲਈ ਮਜ਼ਬੂਰ ਕਰਦਾ ਹੈ ਤਾਂ eSafety ਉਸ ਤੋਂ $49.5 ਮਿਲੀਅਨ ਤੱਕ ਦਾ ਜੁਰਮਾਨਾ ਮੰਗ ਸਕਦੀ ਹੈ।

## ਲੋਕ ਇਹ ਕਿਵੇਂ ਯਕੀਨੀ ਬਣਾ ਸਕਦੇ ਹਨ ਕਿ ਉਹ 16 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਹਨ, ਇਹ ਸਾਬਤ ਕਰਨ ਲਈ ਦਿੱਤੀ ਗਈ ਕੋਈ ਵੀ ਪਛਾਣ-ਸੰਬੰਧੀ ਜਾਣਕਾਰੀ ਦੀ ਗ਼ਲਤ ਵਰਤੋਂ ਨਹੀਂ ਕੀਤੀ ਜਾਵੇਗੀ ਜਾਂ ਚੋਰੀ ਨਹੀਂ ਹੋਵੇਗੀ?

ਇਹ Social Media Minimum Age [ਸੋਸ਼ਲ ਮੀਡੀਆ ਲਈ ਘੱਟੋ-ਘੱਟ ਉਮਰ] ਕਾਨੂੰਨ, Privacy Act [ਗੁਪਤਤਾ ਕਾਨੂੰਨ] ਵਿੱਚ ਮੌਜੂਦ ਗੁਪਤਤਾ ਸੁਰੱਖਿਆ ਪ੍ਰਬੰਧਾਂ 'ਤੇ ਹੀ ਅਧਾਰਿਤ ਹੈ। ਇਨ੍ਹਾਂ ਸੁਰੱਖਿਆ ਪ੍ਰਬੰਧਾਂ ਦੇ ਤਹਿਤ, ਪਲੇਟਫਾਰਮਾਂ ਨੂੰ ਇਹ ਯਕੀਨੀ ਬਣਾਉਣਾ ਪੈਂਦਾ ਹੈ ਕਿ ਉਪਭੋਗਤਾ ਦੀ ਉਮਰ 16 ਸਾਲ ਜਾਂ ਇਸ ਤੋਂ ਵੱਧ ਸਾਬਤ ਕਰਨ ਲਈ ਇਕੱਠੀ ਕੀਤੀ ਕੋਈ ਵੀ ਨਿੱਜੀ ਜਾਣਕਾਰੀ, ਜਿਸ ਵਿੱਚ ਮਾਰਕੀਟਿੰਗ ਵੀ ਸ਼ਾਮਲ ਹੈ, ਉਪਭੋਗਤਾ ਦੀ ਸਹਿਮਤੀ ਤੋਂ ਬਿਨਾਂ ਕਿਸੇ ਹੋਰ ਉਦੇਸ਼ ਲਈ ਨਾ ਵਰਤੀ ਜਾਵੇ।

ਆਸਟ੍ਰੇਲੀਆਈ ਸਰਕਾਰ ਦੇ Age Assurance Technology Trial [ਏਜ ਅਸ਼ੋਰੈਂਸ ਟੈਕਨਾਲੋਜੀ ਟ੍ਰਾਇਲ] ਨੇ ਇਹ ਪੁਸ਼ਟੀ ਕੀਤੀ ਹੈ ਕਿ ਵੱਖ-ਵੱਖ ਤਰੀਕੇ ਉਮਰ ਦੀ ਪ੍ਰਭਾਵਸ਼ਾਲੀ ਜਾਂਚ ਕਰ ਸਕਦੇ ਹਨ, ਜਦੋਂ ਕਿ ਉਪਭੋਗਤਾ ਦੀ ਗੁਪਤਤਾ ਨੂੰ ਵੀ ਸੁਰੱਖਿਅਤ ਰੱਖਦੇ ਹਨ। ਇਸ ਤੋਂ ਇਲਾਵਾ, Office of the Australian Information Commissioner [ਆਸਟ੍ਰੇਲੀਆਈ ਸੂਚਨਾ ਕਮਿਸ਼ਨਰ ਦੇ ਦਫ਼ਤਰ] ਵੱਲੋਂ ਗੁਪਤਤਾ ਬਾਰੇ ਦਿਸ਼ਾ-ਨਿਰਦੇਸ਼ ਵੀ ਜਲਦੀ ਜਾਰੀ ਕੀਤੇ ਜਾਣਗੇ।

## ਮੈਂ ਹੁਣ ਆਪਣੇ ਪਰਿਵਾਰ ਨੂੰ ਤਿਆਰ ਕਰਨ ਵਿੱਚ ਮੱਦਦ ਲਈ ਕੀ ਕਰ ਸਕਦਾ/ਸਕਦੀ ਹਾਂ?

eSafety ਨੂੰ ਇਹ ਸਮਝਦੀ ਹੈ ਕਿ ਕਾਨੂੰਨ ਵਿੱਚ ਇਹ ਤਬਦੀਲੀ ਕੁੱਝ 16 ਸਾਲ ਤੋਂ ਘੱਟ ਉਮਰ ਵਾਲੇ ਬੱਚਿਆਂ ਨੂੰ ਨਿਰਾਸ਼, ਚਿੰਤਿਤ ਜਾਂ ਗੁੱਸੇ ਵਿੱਚ ਮਹਿਸੂਸ ਕਰਵਾ ਸਕਦੀ ਹੈ। ਕੁੱਝ ਬੱਚੇ ਆਪਣੇ ਸੋਸ਼ਲ ਮੀਡੀਆ ਵਰਤੋਂ ਨੂੰ ਹੋਰ ਗੁਪਤ ਰੱਖਣਾ ਸ਼ੁਰੂ ਕਰ ਸਕਦੇ ਹਨ ਅਤੇ ਜੇਕਰ ਮਾਮਲੇ ਖ਼ਰਾਬ ਹੋਣ ਲੱਗਣ, ਤਾਂ ਕਿਸੇ ਭਰੋਸੇਮੰਦ ਵੱਡੇ ਵਿਅਕਤੀ ਤੋਂ ਮੱਦਦ ਮੰਗਣ ਦੀ ਸੰਭਾਵਨਾ ਘੱਟ ਹੋ ਸਕਦੀ ਹੈ।

ਇਹ ਮਹੱਤਵਪੂਰਨ ਹੈ ਕਿ ਮਾਪੇ ਅਤੇ ਦੇਖਭਾਲ ਕਰਨ ਵਾਲੇ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਮੱਦਦ ਕਰਨ ਲਈ ਸੋਸ਼ਲ ਮੀਡੀਆ ਦੀ ਵਰਤੋਂ ਸੰਬੰਧੀ ਉਮਰ ਦੀਆਂ ਬੰਦਸ਼ਾਂ ਬਾਰੇ ਖੁੱਲ੍ਹ ਕੇ ਗੱਲ ਕਰਕੇ, ਅਤੇ ਇਹ ਨਵੇਂ ਕਾਨੂੰਨ ਦੁਆਰਾ ਕਿਵੇਂ ਪ੍ਰਭਾਵਿਤ ਹੋ ਸਕਦਾ ਹੈ।

ਕੁੱਝ ਕੁ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਆਪਣੀ ਸਿਹਤ ਅਤੇ ਤੰਦਰੁਸਤੀ ਲਈ ਸਹਾਇਤਾ ਲੈਣ ਲਈ ਉਤਸ਼ਾਹਿਤ ਕਰਨ ਦੀ ਲੋੜ ਹੋ ਸਕਦੀ ਹੈ। ਕਾਉਂਸਲਿੰਗ ਅਤੇ ਸਹਾਇਤਾ ਸੇਵਾਵਾਂ ਦੀ ਪੂਰੀ ਸੂਚੀ ਇੱਥੇ ਵੇਖੋ.

ਯਾਦ ਰੱਖੋ: ਖਾਤੇ ਦੀ ਪਹੁੰਚ ਨੂੰ 16 ਸਾਲ ਦੀ ਉਮਰ ਤੱਕ ਟਾਲਣ ਦਾ ਉਦੇਸ਼ ਇਹ ਹੈ ਕਿ ਯੁਵਕਾਂ ਨੂੰ ਅਹਿਮ ਹੁਨਰ ਅਤੇ ਪਰਿਪੱਕਤਾ ਵਿਕਸਿਤ ਕਰਨ ਲਈ ਹੋਰ ਸਮਾਂ ਮਿਲੇ, ਤਾਂ ਜੋ ਉਹ ਉਮਰ ਸੰਬੰਧੀ ਬੰਦਸ਼ਾਂ ਵਾਲੇ ਸੋਸ਼ਲ ਮੀਡੀਆ ਦੇ ਜ਼ੋਖਮਾਂ ਦਾ ਵਧੀਆ ਤਰੀਕੇ ਨਾਲ ਸਾਹਮਣਾ ਕਰ ਸਕਣ।

## ਉਮਰ ਦੀਆਂ ਬੰਦਸ਼ਾਂ ਦਾ ਸੋਸ਼ਲ ਮੀਡੀਆ ਪਲੇਟਫਾਰਮਾਂ ਦੀ ਵਰਤੋਂ ਕਰਨ ਵਾਲੇ ਸਕੂਲਾਂ 'ਤੇ ਕੀ ਅਸਰ ਪਵੇਗਾ?

ਉਮਰ ਸੰਬੰਧੀ ਬੰਦਸ਼ਾਂ ਉਨ੍ਹਾਂ ਕੁੱਝ ਪਲੇਟਫਾਰਮਾਂ 'ਤੇ ਵੀ ਲਾਗੂ ਹੋ ਸਕਦੀਆਂ ਹਨ ਜਿਨ੍ਹਾਂ ਦੀ ਵਰਤੋਂ ਕੁੱਝ ਸਕੂਲ ਇਸ ਵੇਲੇ ਸਿੱਖਿਆ ਉਦੇਸ਼ਾਂ ਲਈ ਅਤੇ ਆਪਣੇ ਵਿਦਿਆਰਥੀਆਂ ਅਤੇ ਭਾਈਚਾਰੇ ਨਾਲ ਸੰਚਾਰ ਕਰਨ ਲਈ ਕਰਦੇ ਹਨ, ਇਸ ਲਈ ਉਨ੍ਹਾਂ ਨੂੰ ਹੋਰ ਤਰੀਕਿਆਂ ਦੀ ਪੜਚੋਲ ਕਰਨ ਦੀ ਲੋੜ ਹੋ ਸਕਦੀ ਹੈ।

ਹਾਲਾਂਕਿ, ਸਿੱਖਿਆ ਪ੍ਰਬੰਧਨ ਪ੍ਰਣਾਲੀਆਂ ਜੋ ਅਧਿਆਪਕਾਂ ਨੂੰ ਕੋਰਸ ਸਮੱਗਰੀ ਸਾਂਝੀ ਕਰਨ, ਅਸਾਈਨਮੈਂਟਾਂ ਦਾ ਪ੍ਰਬੰਧਨ ਕਰਨ ਅਤੇ ਸੰਚਾਰ ਦੀ ਸਹੂਲਤ ਦਿੰਦੀਆਂ ਹਨ, ਅਤੇ ਜੋ ਵਿਦਿਆਰਥੀਆਂ ਨੂੰ ਕਲਾਸਰੂਮ ਸਰੋਤਾਂ ਤੱਕ ਪਹੁੰਚ ਕਰਨ, ਕੰਮ ਜਮ੍ਹਾਂ ਕਰਨ ਅਤੇ ਸਾਥੀਆਂ ਨਾਲ ਮਿਲਕੇ ਕੰਮ ਕਰਨ ਦੀ ਆਗਿਆ ਦਿੰਦੀਆਂ ਹਨ, ਉਨ੍ਹਾਂ ਨੂੰ ਉਮਰ ਸੰਬੰਧੀ ਪਾਬੰਦੀਆਂ ਤੋਂ ਬਾਹਰ ਰੱਖਿਆ ਗਿਆ ਹੈ

ਜਦੋਂਕਿ ਇਹ ਸੇਵਾਵਾਂ ਅਕਸਰ ਵੀਡੀਓ ਕਾਨਫਰੰਸਿੰਗ, ਮੈਸੇਜਿੰਗ ਅਤੇ ਸੇਵਾ 'ਤੇ ਸਮੱਗਰੀ ਪੋਸਟ ਕਰਨ ਦੀ ਯੋਗਤਾ ਰੱਖਣ ਵਾਲੇ ਹੋਰ ਸਾਧਨਾਂ ਨਾਲ ਜੁੜੀਆਂ ਹੋਈਆਂ ਹੁੰਦੀਆਂ ਹਨ, ਪਰ ਜੇਕਰ ਉਨ੍ਹਾਂ ਦਾ ਇਕਲੌਤਾ ਜਾਂ ਮੁੱਖ ਉਦੇਸ਼ ਉਪਭੋਗਤਾਵਾਂ ਦੀ ਸਿੱਖਿਆ ਦਾ ਸਮਰਥਨ ਕਰਨਾ ਹੈ, ਤਾਂ ਇਹ ਛੋਟ ਉਨ੍ਹਾਂ 'ਤੇ ਲਾਗੂ ਹੋਵੇਗੀ।

ਹੋਰ ਦਿਸ਼ਾ-ਨਿਰਦੇਸ਼ਾਂ ਲਈ, ਜਿਸ ਵਿੱਚ ਇਹ ਵੀ ਸ਼ਾਮਲ ਹੈ ਕਿ ਕੀ ਅਧਿਆਪਕ ਆਪਣੇ ਖੁਦ ਦੇ ਖਾਤਿਆਂ ਦੀ ਵਰਤੋਂ ਰਾਹੀਂ ਉਮਰ-ਮੁਤਾਬਕ ਢੁੱਕਵੀਂ ਸਿੱਖਿਆ ਸਮੱਗਰੀ ਸਾਂਝੀ ਕਰ ਸਕਦੇ ਹਨ ਜਾਂ ਨਹੀਂ, ਕਿਰਪਾ ਕਰਕੇ ਸਕੂਲ ਜਾਂ ਸੈਕਟਰ ਦੀਆਂ ਨੀਤੀਆਂ ਅਤੇ ਪ੍ਰਕਿਰਿਆਵਾਂ ਨੂੰ ਵੇਖੋ।

## ਜੇਕਰ ਮੇਰਾ 16 ਸਾਲ ਤੋਂ ਘੱਟ ਉਮਰ ਦਾ ਬੱਚਾ ਕਿਸੇ ਉਮਰ ਸੰਬੰਧੀ ਪਾਬੰਦੀ ਵਾਲੇ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਹੋਵੇ ਅਤੇ ਕੁੱਝ ਗਲਤ ਹੋ ਜਾਵੇ, ਤਾਂ ਕੀ ਹੋਵੇਗਾ?

ਤੁਹਾਡੇ ਬੱਚੇ ਦੀ ਉਮਰ ਚਾਹੇ ਜੋ ਮਰਜ਼ੀ ਹੋਵੇ, ਜੇਕਰ ਉਸ ਨੂੰ ਔਨਲਾਈਨ ਕੋਈ ਨੁਕਸਾਨਦੇਹ ਅਨੁਭਵ ਹੁੰਦਾ ਹੈ, ਤਾਂ ਉਸ ਨੂੰ ਸਹਾਇਤਾ ਲਈ ਸੰਪਰਕ ਕਰਨਾ ਚਾਹੀਦਾ ਹੈ – ਭਾਵੇਂ ਉਹ 16 ਸਾਲ ਤੋਂ ਘੱਟ ਉਮਰ ਦਾ ਹੋਵੇ ਅਤੇ ਇਹ ਘਟਨਾ ਕਿਸੇ ਉਮਰ ਸੰਬੰਧੀ ਪਾਬੰਦੀ ਲੱਗੇ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਹੀ ਕਿਉਂ ਨਾ ਹੋਈ ਹੋਵੇ। ਉਹ ਸਿਰਫ਼ ਪਲੇਟਫਾਰਮ ਦੀ ਵਰਤੋਂ ਕਰਦੇ ਹੋਣ ਕਰਕੇ ਕਿਸੇ ਮੁਸ਼ਕਲ ਵਿੱਚ ਨਹੀਂ ਫਸਣਗੇ।

eSafety ਦਾ ਧਿਆਨ ਇਹ ਯਕੀਨੀ ਬਣਾਉਣ 'ਤੇ ਹੈ ਕਿ ਯੁਵਕ ਔਨਲਾਈਨ ਸੁਰੱਖਿਅਤ ਰਹਿਣ, ਅਤੇ ਨੁਕਸਾਨਦੇਹ ਸਮੱਗਰੀ ਹਟਾ ਦਿੱਤੀ ਗਈ ਹੈ ਜਾਂ ਉਨ੍ਹਾਂ ਖਿਲਾਫ਼ ਮੰਡਰਾ ਰਿਹੇ ਖ਼ਤਰੇ ਨੂੰ ਰੋਕ ਦਿੱਤਾ ਗਿਆ ਹੈ। ਜੇਕਰ ਸਾਨੂੰ ਸਾਈਬਰ ਧੱਕੇਸ਼ਾਹੀ ਜਾਂ ਤਸਵੀਰਾਂ-ਆਧਾਰਿਤ ਸ਼ੋਸ਼ਣ (ਨਿੱਜੀ ਤਸਵੀਰਾਂ ਜਾਂ ਵੀਡੀਓਜ਼ ਨੂੰ ਸਾਂਝਾ ਕਰਨ, ਜਾਂ ਸਾਂਝਾ ਕਰਨ ਦੀ ਧਮਕੀ ਦੇਣ) ਦੀ ਰਿਪੋਰਟ ਮਿਲਦੀ ਹੈ ਅਤੇ ਇਹ ਕਿਸੇ ਉਮਰ-ਸੰਬੰਧੀ ਪਾਬੰਦੀ ਵਾਲੇ ਪਲੇਟਫਾਰਮ 'ਤੇ ਹੋਇਆ ਹੈ, ਤਾਂ ਅਸੀਂ ਪਲੇਟਫਾਰਮ ਨੂੰ ਇਹ ਨਹੀਂ ਦੱਸਾਂਗੇ ਕਿ ਖਾਤਾ 16 ਸਾਲ ਤੋਂ ਘੱਟ ਉਮਰ ਦੇ ਵਿਅਕਤੀ ਵੱਲੋਂ ਵਰਤਿਆ ਜਾ ਰਿਹਾ ਹੈ ਅਤੇ ਉਮਰ-ਸੰਬੰਧੀ ਪਾਬੰਦੀ ਲਾਗੂ ਕਰਨ ਲਈ ਕਾਰਵਾਈ ਕੀਤੀ ਜਾਵੇ। 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੇ ਖਾਤਿਆਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਹਟਾਉਣ ਜਾਂ ਡੀ-ਐਕਟੀਵੇਟ ਕਰਨ ਲਈ ਵਾਜਬ ਕਦਮ ਚੁੱਕਣ ਦੀ ਜ਼ਿੰਮੇਵਾਰੀ ਪਲੇਟਫਾਰਮਾਂ ਦੀ ਆਪਣੀ ਹੈ।

ਇਹ ਸੰਭਵ ਹੈ ਕਿ ਕੋਈ ਉਮਰ-ਸੰਬੰਧੀ ਪਾਬੰਦੀ ਵਾਲਾ ਪਲੇਟਫਾਰਮ eSafety ਨਾਲ ਸੰਪਰਕ ਦੌਰਾਨ ਜਾਂ ਆਪਣੀ ਜਾਂਚ ਰਾਹੀਂ ਸ਼ਾਮਲ ਲੋਕਾਂ ਦੀ ਉਮਰ ਬਾਰੇ ਜਾਣਕਾਰੀ ਪ੍ਰਾਪਤ ਕਰ ਲਵੇ ਅਤੇ 16 ਸਾਲ ਤੋਂ ਘੱਟ ਉਮਰ ਵਾਲਿਆਂ ਦੇ ਖਾਤੇ ਹਟਾ ਦੇਵੇ ਜਾਂ ਡੀ-ਐਕਟੀਵੇਟ ਕਰ ਦੇਵੇ। ਪਰ ਅਸੀਂ ਮਾਪਿਆਂ ਨੂੰ ਜ਼ੋਰਦਾਰ ਤਾਕੀਦ ਕਰਦੇ ਹਾਂ ਕਿ ਉਹ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਨੁਕਸਾਨ ਦੀ ਰਿਪੋਰਟ ਕਰਨ ਲਈ ਉਤਸ਼ਾਹਿਤ ਕਰਨ, ਤਾਂ ਜੋ ਉਹਨਾਂ ਦੀ ਸੁਰੱਖਿਆ ਕੀਤੀ ਜਾ ਸਕੇ।

eSafety ਦੇ ਯੁਵਕਾਂ ਲਈ ਬਣਾਏ ਗਏ 'I need help' (ਮੈਨੂੰ ਮਦਦ ਚਾਹੀਦੀ ਹੈ) ਪੰਨੇ 'ਤੇ ਵਧੇਰੇ ਵਿਸਥਾਰਪੂਰਵਕ ਜਾਣਕਾਰੀ ਅਤੇ ਮਾਰਗਦਰਸ਼ਨ ਦਿੱਤਾ ਗਿਆ ਹੈ ਕਿ ਜੇਕਰ ਔਨਲਾਈਨ ਕੁੱਝ ਗਲਤ ਹੋ ਜਾਵੇ, ਤਾਂ ਤੁਹਾਡਾ ਬੱਚਾ ਕੀ ਕਰ ਸਕਦਾ ਹੈ। ਜੇਕਰ ਉਹ eSafety ਨੂੰ ਰਿਪੋਰਟ ਕਰਨ ਤੋਂ ਘਬਰਾਉਂਦੇ ਹਨ, ਤਾਂ ਉਹ ਪਹਿਲਾਂ ਕਿਸੇ ਮੁਫ਼ਤ, ਅਤੇ ਗੁਪਤ ਸਹਾਇਤਾ ਸੇਵਾ ਜਿਵੇਂ ਕਿ Kids Helpline[ਕਿਡਜ਼ ਹੈਲਪਲਾਈਨ] (24/7, 5 ਤੋਂ 25 ਸਾਲ ਦੀ ਉਮਰ ਵਾਲਿਆਂ ਲਈ) ਜਾਂ headspace[ਹੈੱਡਸਪੇਸ] (12 ਤੋਂ 25 ਸਾਲ ਦੀ ਉਮਰ ਵਾਲਿਆਂ ਲਈ), Beyond Blue[ਬਿਓਂਡ ਬਲੂ] (24/7, ਹਰ ਉਮਰ ਲਈ), ਜਾਂ ਕਿਸੇ ਹੋਰ ਕਾਉਂਸਲਿੰਗ ਜਾਂ ਸਹਾਇਤਾ ਸੇਵਾ ਨਾਲ ਗੱਲ ਕਰ ਸਕਦੇ ਹਨ।

## ਕੀ ਮੈਂ 16 ਸਾਲ ਤੋਂ ਘੱਟ ਉਮਰ ਦੇ ਕਿਸੇ ਬੱਚੇ ਦੇ ਸੋਸ਼ਲ ਮੀਡੀਆ 'ਤੇ ਹੋਣ ਦੀ ਰਿਪੋਰਟ ਕਰ ਸਕਦਾ/ਸਕਦੀ ਹਾਂ?

ਰਿਪੋਰਟ ਪਲੇਟਫਾਰਮਾਂ ਨੂੰ ਕੀਤੀ ਜਾ ਸਕਦੀ ਹੈ।

ਉਮਰ-ਸੰਬੰਧੀ ਪਾਬੰਦੀ ਵਾਲੇ ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਲੋਕਾਂ ਲਈ ਇਹ ਰਿਪੋਰਟ ਕਰਨ ਦੇ ਆਸਾਨ ਤਰੀਕੇ ਮੁਹੱਈਆ ਕਰਵਾਉਣੇ ਚਾਹੀਦੇ ਹਨ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਕੋਈ ਖਾਤਾ ਧਾਰਕ 16 ਸਾਲ ਤੋਂ ਘੱਟ ਉਮਰ ਦਾ ਹੈ, ਤਾਂ ਜੋ ਇਸ ਨਾਲ ਉਮਰ ਦੀ ਜਾਂਚ ਸ਼ੁਰੂ ਕੀਤੀ ਜਾ ਸਕੇ। ਪਰ ਪਲੇਟਫਾਰਮਾਂ ਨੂੰ ਇਹ ਵੀ ਸੁਵਿਧਾ ਦੇਣੀ ਚਾਹੀਦੀ ਹੈ ਕਿ 16 ਸਾਲ ਜਾਂ ਉਸ ਤੋਂ ਵੱਧ ਉਮਰ ਦੇ ਵਰਤੋਂਕਾਰ ਅਪੀਲ ਕਰ ਸਕਣ, ਜੇਕਰ ਉਹ ਗਲਤੀ ਨਾਲ ਜਾਂ ਕਿਸੇ ਝੂਠੀ ਰਿਪੋਰਟ ਕਾਰਨ ਫਲੈਗ ਹੋ ਗਏ ਹੋਣ ਜਾਂ ਉਨ੍ਹਾਂ ਦਾ ਖਾਤਾ ਹਟਾ ਦਿੱਤਾ ਗਿਆ ਹੋਵੇ।

ਜੇਕਰ ਕੋਈ 16 ਸਾਲ ਤੋਂ ਘੱਟ ਉਮਰ ਦਾ ਬੱਚਾ ਕਿਸੇ ਉਮਰ-ਸੰਬੰਧੀ ਪਾਬੰਦੀ ਵਾਲੇ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਖਾਤਾ ਰੱਖਦਾ ਹੈ, ਤਾਂ ਉਹ ਕਾਨੂੰਨ ਨਹੀਂ ਤੋੜ ਰਿਹਾ ਹੈ, ਅਤੇ ਇਸ ਕਾਰਨ ਉਸ ਬੱਚੇ 'ਤੇ ਜਾਂ ਉਸ ਦੇ ਪਰਿਵਾਰ 'ਤੇ ਕੋਈ ਅਪਰਾਧਿਕ ਕਾਰਵਾਈ, ਜੁਰਮਾਨਾ ਜਾਂ ਦੰਡ ਲਾਗੂ ਨਹੀਂ ਹੁੰਦਾ ਹੈ। ਸਿਰਫ਼ ਉਮਰ-ਸੰਬੰਧੀ ਪਾਬੰਦੀ ਵਾਲੇ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਹੀ ਜੁਰਮਾਨੇ ਜਾਂ ਸਜ਼ਾਵਾਂ ਲਾਗੂ ਹੁੰਦੀਆਂ ਹਨ, ਜੇਕਰ ਉਹ 16 ਸਾਲ ਤੋਂ ਘੱਟ ਉਮਰ ਵਾਲਿਆਂ ਨੂੰ ਖਾਤੇ ਬਣਾਉਣ ਜਾਂ ਰੱਖਣ ਤੋਂ ਰੋਕਣ ਲਈ ਵਾਜਬ ਕਦਮ ਚੁੱਕਣ ਵਿੱਚ ਨਾਕਾਮ ਰਹਿੰਦੇ ਹਨ।

**ਇਸਦਾ ਮਤਲਬ ਹੈ ਕਿ ਜੇਕਰ ਤੁਹਾਨੂੰ (ਜਾਂ ਕਿਸੇ ਹੋਰ ਨੂੰ) 16 ਸਾਲ ਤੋਂ ਘੱਟ ਉਮਰ ਦਾ ਹੋਣ ਕਾਰਨ ਜਾਂ ਤੁਹਾਡੇ ਖਾਤੇ ਦੀ ਪੁਸ਼ਟੀ ਨਾ ਹੋਣ ਕਾਰਨ ਕੋਈ ਜੁਰਮਾਨਾ ਭਰਨ ਦੀ ਮੰਗ ਕੀਤੀ ਜਾਵੇ, ਤਾਂ ਇਹ ਇੱਕ ਠੱਗੀ ਹੈ – ਕਿਰਪਾ ਕਰਕੇ ਭੁਗਤਾਨ ਨਾ ਕਰੋ।** (ਵੇਖੋ ScamWatch)

ਇਸਦਾ ਇਹ ਵੀ ਮਤਲਬ ਹੈ ਕਿ 16 ਸਾਲ ਤੋਂ ਘੱਟ ਉਮਰ ਵਾਲੇ ਵਰਤੋਂਕਾਰਾਂ ਦੀ ਕੋਈ ਲਾਜ਼ਮੀ ਰਿਪੋਰਟਿੰਗ ਨਹੀਂ ਹੈ – ਨਾ ਮਾਪਿਆਂ ਲਈ, ਨਾ ਅਧਿਆਪਕਾਂ ਲਈ ਅਤੇ ਨਾ ਹੀ ਪੁਲਿਸ ਲਈ। ਹਾਲਾਂਕਿ, ਜੇਕਰ 16 ਸਾਲ ਤੋਂ ਘੱਟ ਉਮਰ ਵਾਲਿਆਂ ਦੀ ਵਰਤੋਂ ਬਾਰੇ ਰਿਪੋਰਟ ਕੀਤੀ ਜਾਂਦੀ ਹੈ, ਤਾਂ ਇਸ ਨਾਲ ਪਲੇਟਫਾਰਮ ਨੂੰ ਇਹ ਸਮਝਣ ਵਿੱਚ ਮਦਦ ਮਿਲ ਸਕਦੀ ਹੈ ਕਿ ਬੱਚੇ ਉਮਰ ਦੀ ਜਾਂਚ ਨੂੰ ਕਿਵੇਂ ਪਾਰ ਕਰ ਰਹੇ ਹਨ, ਅਤੇ ਇਸ ਨਾਲ ਉਹ ਸਭ ਲਈ ਸੁਰੱਖਿਆ ਪ੍ਰਬੰਧ ਹੋਰ ਮਜ਼ਬੂਤ ਕਰ ਸਕਦੇ ਹਨ।

## ਜੇਕਰ 16 ਸਾਲ ਤੋਂ ਘੱਟ ਉਮਰ ਦੇ ਕਿਸੇ ਵਿਅਕਤੀ ਦੀ ਉਮਰ-ਜਾਂਚ ਵਿੱਚ ਉਸਨੂੰ 16+ ਵਜੋਂ ਮੰਨ ਲਿਆ ਗਿਆ ਹੋਵੇ, ਤਾਂ ਕੀ ਇਸਦਾ ਮਤਲਬ ਹੈ ਕਿ ਉਸ ਦਾ ਖਾਤਾ ਨਹੀਂ ਹਟਾਇਆ ਜਾਂ ਡੀ-ਐਕਟੀਵੇਟ ਨਹੀਂ ਕੀਤਾ ਜਾਵੇਗਾ?

ਨਹੀਂ, ਉਨ੍ਹਾਂ ਦੇ ਖਾਤੇ ਨੂੰ ਅਜੇ ਵੀ ਕਿਸੇ ਵੀ ਸਮੇਂ ਹਟਾਇਆ ਜਾਂ ਡੀ-ਐਕਟੀਵੇਟ ਕੀਤਾ ਜਾ ਸਕਦਾ ਹੈ।

ਉਮਰ-ਸੰਬੰਧੀ ਪਾਬੰਦੀ ਵਾਲੇ ਪਲੇਟਫਾਰਮਾਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਜੇ ਕੋਈ ਸੰਕੇਤ ਮਿਲੇ ਕਿ ਖਾਤਾ ਧਾਰਕ ਸ਼ਾਇਦ 16 ਸਾਲ ਤੋਂ ਘੱਟ ਉਮਰ ਦਾ ਹੈ, ਤਾਂ ਉਹ ਉਸਦੀ ਉਮਰ ਦੀ ਮੁੜ ਜਾਂਚ ਕਰਨ – ਭਾਵੇਂ ਉਹ ਪਹਿਲਾਂ ਉਮਰ ਦੀ ਜਾਂਚ ਪਾਰ ਕਰ ਚੁੱਕਾ ਹੋਵੇ।

ਇਨ੍ਹਾਂ ਵਿੱਚ ਹੇਠ ਲਿਖੇ ਸੰਕੇਤ ਸ਼ਾਮਲ ਹੋ ਸਕਦੇ ਹਨ:

- ਕੀ ਇਹ ਖਾਤਾ ਧਾਰਕ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਬਣਾਈ ਗਈ ਸਮੱਗਰੀ ਵਿੱਚ ਦਿਲਚਸਪੀ ਦਿਖਾਉਂਦਾ ਹੈ
- ਇਹ ਖਾਤਾ ਧਾਰਕ ਅਤੇ ਜਿਨ੍ਹਾਂ ਨਾਲ ਉਹ ਸੰਪਰਕ ਕਰਦਾ ਹੈ, ਉਨ੍ਹਾਂ ਦੀ ਭਾਸ਼ਾ ਦੇ ਪੱਧਰ ਅਤੇ ਅੰਦਾਜ਼ ਦਾ ਵਿਸ਼ਲੇਸ਼ਣ
- ਦਿਖਾਈ ਦੇਣ ਵਾਲੀਆਂ ਚੀਜ਼ਾਂ ਦੀ ਜਾਂਚ (ਜਿਵੇਂ ਕਿ ਪਲੇਟਫਾਰਮ ‘ਤੇ ਅਪਲੋਡ ਕੀਤੀਆਂ ਤਸਵੀਰਾਂ ਅਤੇ ਵੀਡੀਓਜ਼ ਤੋਂ ਚਿਹਰੇ ਤੋਂ ਦਿੱਸਣ ਵਾਲੀ ਉਮਰ ਦਾ ਅੰਦਾਜ਼ਾ ਲਗਾਉਣਾ)
- ਆਡੀਓ ਜਾਂਚ, ਜਿਵੇਂ ਕਿ ਖਾਤਾ ਧਾਰਕ ਦੀ ਆਵਾਜ਼ ਦੇ ਆਧਾਰ ‘ਤੇ ਉਮਰ ਦਾ ਅਨੁਮਾਨ ਲਗਾਉਣਾ
- ਗਤੀਵਿਧੀ ਪੈਟਰਨ, ਜੋ ਸਕੂਲ ਦੇ ਟਾਈਮ-ਟੇਬਲ ਨਾਲ ਮਿਲਦੇ ਹੋਣ
- 16 ਸਾਲ ਤੋਂ ਘੱਟ ਉਮਰ ਦੇ ਜਾਪਦੇ ਹੋਰ ਉਪਭੋਗਤਾਵਾਂ ਨਾਲ ਸੰਪਰਕ
- ਯੁਵਕਾਂ ਲਈ ਬਣੇ ਗਰੁੱਪਾਂ, ਫੋਰਮਾਂ ਜਾਂ ਕਮਿਊਨਿਟੀਆਂ ਦੀ ਮੈਂਬਰਸ਼ਿਪ

ਇਸ ਤੋਂ ਇਲਾਵਾ, ਉਮਰ-ਸੰਬੰਧੀ ਪਾਬੰਦੀ ਵਾਲੇ ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਲੋਕਾਂ ਲਈ ਇਹ ਰਿਪੋਰਟ ਕਰਨ ਦੇ ਆਸਾਨ ਤਰੀਕੇ ਉਪਲਬਧ ਕਰਵਾਉਣੇ ਚਾਹੀਦੇ ਹਨ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਕੋਈ ਖਾਤਾ ਧਾਰਕ 16 ਸਾਲ ਤੋਂ ਘੱਟ ਉਮਰ ਦਾ ਹੈ, ਤਾਂ ਜੋ ਜਿਸ ਨਾਲ ਉਮਰ ਦੀ ਜਾਂਚ ਸ਼ੁਰੂ ਹੋ ਸਕੇ। ਪਰ ਪਲੇਟਫਾਰਮਾਂ ਨੂੰ ਇਹ ਵੀ ਸੁਵਿਧਾ ਦੇਣੀ ਚਾਹੀਦੀ ਹੈ ਕਿ 16 ਸਾਲ ਜਾਂ ਉਸ ਤੋਂ ਵੱਧ ਉਮਰ ਦੇ ਵਰਤੋਂਕਾਰ ਅਪੀਲ ਕਰ ਸਕਣ, ਜੇਕਰ ਉਹ ਗਲਤੀ ਨਾਲ ਜਾਂ ਕਿਸੇ ਝੂਠੀ ਰਿਪੋਰਟ ਕਾਰਨ ਫਲੈਗ ਹੋ ਗਏ ਹੋਣ ਜਾਂ ਉਨ੍ਹਾਂ ਦਾ ਖਾਤਾ ਹਟਾ ਦਿੱਤਾ ਗਿਆ ਹੋਵੇ।

eSafety ਵੱਲੋਂ ਕਾਨੂੰਨ ਪਾਲਣਾ ਅਤੇ ਕਾਨੂੰਨ ਲਾਗੂ ਕਰਨ ਦਾ ਤਰੀਕਾ ਪ੍ਰਣਾਲੀਗਤ ਹੋਵੇਗਾ, ਇਸਦਾ ਧਿਆਨ ਇਸ ਗੱਲ ‘ਤੇ ਕੇਂਦ੍ਰਿਤ ਹੋਵੇਗਾ ਕਿ ਕੀ ਪਲੇਟਫਾਰਮਾਂ ਕੋਲ ਵਾਜਬ ਪ੍ਰਣਾਲੀਆਂ ਅਤੇ ਪ੍ਰਕਿਰਿਆਵਾਂ ਮੌਜੂਦ ਹਨ ਜਾਂ ਨਹੀਂ, ਨਾ ਕਿ ਸਿਰਫ਼ ਵੱਖ-ਵੱਖ ਵਿਅਕਤੀਆਂ ਦੀ ਉਮਰ ਦੀ ਜਾਂਚ ‘ਤੇ ਨਿਰਭਰ ਕਰਨਾ।

## ਮੇਰੇ ਬੱਚੇ ਦਾ ਖਾਤਾ ਅਜੇ ਵੀ ਚੱਲ ਰਿਹਾ ਹੈ। ਕੀ ਇਸਦਾ ਮਤਲਬ ਹੈ ਕਿ ਉਹ ਕਦੇ ਵੀ ਇਸ ਤੱਕ ਪਹੁੰਚ ਨਹੀਂ ਗੁਆਉਣਗੇ?

**ਨਹੀਂ, ਉਨ੍ਹਾਂ ਦੇ ਖਾਤੇ ਨੂੰ ਅਜੇ ਵੀ ਕਿਸੇ ਵੀ ਸਮੇਂ ਹਟਾਇਆ ਜਾਂ ਡੀ-ਐਕਟੀਵੇਟ ਕੀਤਾ ਜਾ ਸਕਦਾ ਹੈ।**

16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਖਾਤਿਆਂ ਦੀ ਪਹੁੰਚ ਖ਼ਤਮ ਹੋਣ ਦੇ ਕਈ ਕਾਰਨ ਹੋ ਸਕਦੇ ਹਨ। ਹੇਠਾਂ ਕੁੱਝ ਉਦਾਹਰਨਾਂ ਦਿੱਤੀਆਂ ਗਈਆਂ ਹਨ:

- ਨਿਰਪੱਖ ਅਤੇ ਸਹੀ ਉਮਰ ਜਾਂਚ ਪ੍ਰਕਿਰਿਆਵਾਂ ਨੂੰ ਲਾਗੂ ਕਰਨ ਵਿੱਚ ਪਲੇਟਫਾਰਮਾਂ ਨੂੰ ਕਈ ਦਿਨ ਜਾਂ ਕਈ ਹਫ਼ਤੇ ਵੀ ਲੱਗ ਸਕਦੇ ਹਨ।
- ਉਮਰ-ਸੰਬੰਧੀ ਪਾਬੰਦੀ ਵਾਲੇ ਪਲੇਟਫਾਰਮਾਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਜੇ ਕੋਈ ਸੰਕੇਤ ਮਿਲੇ ਕਿ ਖਾਤਾ ਧਾਰਕ ਸ਼ਾਇਦ 16 ਸਾਲ ਤੋਂ ਘੱਟ ਉਮਰ ਦਾ ਹੈ, ਤਾਂ ਉਹ ਉਸਦੀ ਉਮਰ ਦੀ ਮੁੜ ਜਾਂਚ ਕਰਨ – ਭਾਵੇਂ ਉਹ ਪਹਿਲਾਂ ਉਮਰ ਦੀ ਜਾਂਚ ਪਾਰ ਕਰ ਚੁੱਕਾ ਹੋਵੇ।
- ਹੋਰ ਲੋਕ ਵੀ ਪਲੇਟਫਾਰਮ ਨੂੰ ਰਿਪੋਰਟ ਕਰ ਸਕਦੇ ਹਨ ਕਿ ਕੋਈ ਵਰਤੋਂਕਾਰ 16 ਸਾਲ ਤੋਂ ਘੱਟ ਉਮਰ ਦਾ ਹੈ, ਜਿਸ ਨਾਲ ਉਮਰ ਦੀ ਜਾਂਚ ਸ਼ੁਰੂ ਹੋ ਸਕਦੀ ਹੈ।
- ਜੋ ਪਲੇਟਫਾਰਮ ਇਸ ਵੇਲੇ ਉਮਰ-ਸੰਬੰਧੀ ਪਾਬੰਦੀ ਹੇਠ ਨਹੀਂ ਹਨ, ਉਨ੍ਹਾਂ ਦੀ ਮੁੜ ਸਮੀਖਿਆ ਕੀਤੀ ਜਾ ਸਕਦੀ ਹੈ ਜੇਕਰ ਉਨ੍ਹਾਂ ਦੀਆਂ ਵਿਸ਼ੇਸ਼ਤਾਵਾਂ ਵਿੱਚ ਜਾਂ ਉਨ੍ਹਾਂ ਦੀ ਵਰਤੋਂ ਦੇ ਤਰੀਕੇ ਵਿੱਚ ਕੋਈ ਬਦਲਾਅ ਹੁੰਦਾ ਹੈ।

ਕੁਝ ਸੰਕੇਤ ਜਿਨ੍ਹਾਂ ਦੀ ਪਲੇਟਫਾਰਮ ਜਾਂਚ ਕਰ ਸਕਦੇ ਹਨ, ਉਨ੍ਹਾਂ ਵਿੱਚ ਸ਼ਾਮਲ ਹਨ:

- ਕੀ ਇਹ ਖਾਤਾ ਧਾਰਕ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਬਣਾਈ ਗਈ ਸਮੱਗਰੀ ਵਿੱਚ ਦਿਲਚਸਪੀ ਦਿਖਾਉਂਦਾ ਹੈ
- ਇਹ ਖਾਤਾ ਧਾਰਕ ਅਤੇ ਜਿਨ੍ਹਾਂ ਨਾਲ ਉਹ ਸੰਪਰਕ ਕਰਦਾ ਹੈ, ਉਨ੍ਹਾਂ ਦੀ ਭਾਸ਼ਾ ਦੇ ਪੱਧਰ ਅਤੇ ਅੰਦਾਜ਼ ਦਾ ਵਿਸ਼ਲੇਸ਼ਣ
- ਦਿਖਾਈ ਦੇਣ ਵਾਲੀਆਂ ਚੀਜ਼ਾਂ ਦੀ ਜਾਂਚ (ਜਿਵੇਂ ਕਿ ਪਲੇਟਫਾਰਮ ‘ਤੇ ਅਪਲੋਡ ਕੀਤੀਆਂ ਤਸਵੀਰਾਂ ਅਤੇ ਵੀਡੀਓਜ਼ ਤੋਂ ਚਿਹਰੇ ਤੋਂ ਦਿੱਸਣ ਵਾਲੀ ਉਮਰ ਦਾ ਅੰਦਾਜ਼ਾ ਲਗਾਉਣਾ)
- ਆਡੀਓ ਜਾਂਚ, ਜਿਵੇਂ ਕਿ ਖਾਤਾ ਧਾਰਕ ਦੀ ਆਵਾਜ਼ ਦੇ ਆਧਾਰ ‘ਤੇ ਉਮਰ ਦਾ ਅਨੁਮਾਨ ਲਗਾਉਣਾ
- ਗਤੀਵਿਧੀ ਪੈਟਰਨ, ਜੋ ਸਕੂਲ ਦੇ ਟਾਈਮ-ਟੇਬਲ ਨਾਲ ਮਿਲਦੇ ਹੋਣ
- 16 ਸਾਲ ਤੋਂ ਘੱਟ ਉਮਰ ਦੇ ਜਾਪਦੇ ਹੋਰ ਉਪਭੋਗਤਾਵਾਂ ਨਾਲ ਸੰਪਰਕ
- ਯੁਵਕਾਂ ਲਈ ਬਣੇ ਗਰੁੱਪਾਂ, ਫੋਰਮਾਂ ਜਾਂ ਕਮਿਊਨਿਟੀਆਂ ਦੀ ਮੈਂਬਰਸ਼ਿਪ

ਜੇਕਰ ਤੁਹਾਡੇ 16 ਸਾਲ ਤੋਂ ਘੱਟ ਉਮਰ ਦੇ ਬੱਚੇ ਕੋਲ ਅਜੇ ਵੀ ਕੋਈ ਸੋਸ਼ਲ ਮੀਡੀਆ ਖਾਤੇ ਹਨ, ਤਾਂ ਤੁਹਾਨੂੰ ਪਲੇਟਫਾਰਮਾਂ ਦੇ ਕਾਰਵਾਈ ਕਰਨ ਦੀ ਉਡੀਕ ਕਰਨ ਦੀ ਲੋੜ ਨਹੀਂ ਹੈ। ਤੁਸੀਂ ਇਹ ਕਰ ਸਕਦੇ ਹੋ:

- ਆਪਣੇ ਬੱਚੇ ਨਾਲ ਉਮਰ ਦੀਆਂ ਪਾਬੰਦੀਆਂ ਬਾਰੇ ਗੱਲ ਕਰੋ ਅਤੇ ਸਮਝਾਓ ਕਿ ਇਹ ਉਨ੍ਹਾਂ ਦੀ ਉਮਰ ਦੇ ਲੋਕਾਂ ਦੀ ਸੁਰੱਖਿਆ ਲਈ ਬਣਾਈਆਂ ਗਈਆਂ ਹਨ।
- ਅਗਲੇ FAQ ‘ਮੈਂ ਆਪਣੇ ਬੱਚੇ ਨੂੰ ਸੋਸ਼ਲ ਮੀਡੀਆ ਖਾਤੇ ਗੁਆਉਣ ਲਈ ਕਿਵੇਂ ਤਿਆਰ ਕਰ ਸਕਦਾ/ਸਕਦੀ ਹਾਂ?’ ਵਿੱਚ ਦਿੱਤੇ ਕਦਮਾਂ ਦੀ ਪਾਲਣਾ ਕਰੋ।
- ਆਪਣੇ ਬੱਚੇ ਦੇ ਨਾਲ ਮਿਲ ਕੇ ਐਪਸ ਨੂੰ ਡਿਲੀਟ ਕਰੋ।

## ਮੈਨੂੰ ਹੋਰ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?

eSafety ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਲਈ — ਅਤੇ ਅਧਿਆਪਕਾਂ ਅਤੇ ਨੌਜਵਾਨਾਂ ਨਾਲ ਕੰਮ ਕਰਨ ਵਾਲੇ ਹੋਰ ਪੇਸ਼ੇਵਰਾਂ ਲਈ — ਵੈਬੀਨਾਰ ਪ੍ਰਦਾਨ ਕੀਤੇ ਹਨ, ਅਤੇ ਨਵੀਆਂ ਅਤੇ ਨਵੇਂ ਅਤੇ ਅੱਪਡੇਟ ਕੀਤੇ ਸਰੋਤ ਪ੍ਰਕਾਸ਼ਿਤ ਕੀਤੇ ਹਨ, ਤਾਂ ਜੋ ਉਹ ਸਮਝ ਸਕਣ ਕਿ ਇਹ ਉਮਰ ਸੰਬੰਧੀ ਬੰਦਸ਼ਾਂ ਕਿਵੇਂ ਕੰਮ ਕਰਨਗੀਆਂ।

ਹੋਰ ਵੇਰਵਿਆਂ ਲਈ ਤੁਸੀਂ esafety.gov.au ‘ਤੇ ਜਾ ਸਕਦੇ ਹੋ।

## ਆਪਣੇ ਬੱਚੇ ਨਾਲ ਉਮਰ ਸੰਬੰਧੀ ਪਾਬੰਦੀਆਂ ਬਾਰੇ ਗੱਲ ਕਰਨਾ

ਸੋਸ਼ਲ ਮੀਡੀਆ ਉਮਰ ਸੰਬੰਧੀ ਬੰਦਸ਼ਾਂ ਲਈ ਆਪਣੇ ਬੱਚਿਆਂ ਨੂੰ ਤਿਆਰ ਕਰਨ ਵਿੱਚ ਮੱਦਦ ਕਰੋ।

## ਅੱਗੇ ਸਾਂਝੀ ਕਰਨ ਯੋਗ ਸਮੱਗਰੀ ਡਾਊਨਲੋਡ ਕਰੋ

ਸੋਸ਼ਲ ਮੀਡੀਆ ਉਮਰ ਸੰਬੰਧੀ ਬੰਦਸ਼ਾਂ ਬਾਰੇ ਲਾਭਦਾਇਕ ਜਾਣਕਾਰੀ ਵਾਲੀਆਂ ਸਮੱਗਰੀਆਂ ਪੰਜਾਬੀ ਵਿੱਚ ਉਪਲਬਧ ਹਨ। ਸਮੱਗਰੀ ਡਾਊਨਲੋਡ ਕਰੋ।